# ਵੋਟਰਾਂ ਦਾ ਮੈਡੇਰਾ ਕਾਉਂਟੀ ਰਜਿਸਟਰਾਰ

# ਚੋਣ ਪ੍ਰਸ਼ਾਸਨ ਯੋਜਨਾ

E.C. 4005 (a) (10) (I)

# ਅੰਤਿਮ (ਫਾਈਨਲ) - 3 ਮਾਰਚ, 2018

## ਵਿਸ਼ਾ - ਸੂਚੀ


ਵੋਟ-ਬਾਈ-ਮੇਲ: .... 5

ਵੋਟ ਕੇਂਦਰ ਅਤੇ ਬੈਲਟ ਡ੍ਰੌਪ ਆਫ ਲੋਕੇਸ਼ਨ .... 5

ਵੋਟਿੰਗ ਤਕਨਾਲੋਜੀ .... 7

ਵਿੱਤੀ ਪ੍ਰਭਾਵ .... 7

ਸਿੱਟਾ .... 8

ਸੈਕਸ਼ਨ 1 - ਵੋਟਰ ਸਿੱਖਿਆ ਅਤੇ ਪਹੁੰਚ ਪਲਾਨ .... 9

ਆਮ ਜਰੂਰਤਾਂ .... 9

ਭਾਸ਼ਾ ਘੱਟ ਗਿਣਤੀ ਭਾਈਚਾਰਿਆਂ ਨਾਲ ਸਿੱਖਿਆ ਅਤੇ ਪਹੁੰਚ .... 12

ਅਪੰਗਤਾ ਭਾਈਚਾਰਿਆਂ ਨਾਲ ਸਿੱਖਿਆ ਅਤੇ ਪਹੁੰਚ .... 14

ਭਾਗ 2 - ਚੋਣ ਪ੍ਰਸ਼ਾਸ਼ਨ ਯੋਜਨਾ - ਵੋਟ ਕੇਂਦਰ ਮਾਡਲ .... 17

ਬੈਲਟ ਦੀ ਸਹੂਲਤ .... 17

ਵੋਟ ਕੇਂਦਰਾਂ ਲਈ ਜਰੂਰੀ .... 18

ਬੈਲਟ ਡ੍ਰੌਪ ਬੌਕਸ ਲਈ ਜਰੂਰੀ .... 21

ਵੋਟ ਕੇਂਦਰ ਅਤੇ ਡ੍ਰੌਪ ਬਾਕਸ ਸਥਾਨ ਨਕਸ਼ੇ .... 21

ਹੋਰ ਵਿਚਾਰਯੋਗ ਮੁੱਦੇ .... 22

ਅੰਤਿਕਾ ਦੀ ਸੂਚੀ .... 24

# ਜਾਣ-ਪਛਾਣ

ਸੰਖੇਪ ਜਾਣਕਾਰੀ

2016 ਵਿਚ, ਕੈਲੀਫੋਰਨੀਆ ਨੇ ਵੋਟਰਜ਼ ਚੁਆਇਸ ਐਕਟ (VCA) ਨੂੰ ਅਪਣਾ ਕੇ ਚੋਣ ਕਾਨੂੰਨ (S.B. 450) ਵਿੱਚ ਇੱਕ ਨਾਟਕੀ ਬਦਲਾਵ ਕੀਤਾ। S.B. 450, 2018 ਵਿੱਚ ਸ਼ੁਰੂ ਹੋਣ ਵਾਲੇ ਵੋਟ ਕੇਂਦਰਾਂ ਦੇ ਨਾਲ ਸਾਰੇ ਡਾਕ ਕੀਤੇ ਹੋਏ ਮਤਦਾਨ ਦੁਆਰਾ ਕੋਈ ਵੀ ਚੋਣ ਕਰਾਉਣ ਲਈ ਮੈਡੇਰਾ ਕਾਊਂਟੀ (ਅਤੇ 13 ਹੋਰ ਕਾਉਂਟੀਆਂ) ਨੂੰ ਅਧਿਕਾਰਤ ਕਰਦਾ ਹੈ। ਕਾਉਂਟੀਆਂ, ਜੋ ਇਨ੍ਹਾਂ 14 ਵਿਚ ਸ਼ਾਮਲ ਨਹੀਂ ਹਨ, ਉਹ 2020 ਵਿਚ VCA ਮਾਡਲ ਅਪਣਾਉਣ ਲਈ ਅਧਿਕਾਰਤ ਹਨ। ਮੈਡੇਰਾ ਕਾਉਂਟੀ ਰਜਿਸਟਰਾਰ ਆਫ ਵੋਟਰਸ (MCROV) ਨੇ 2018 ਵਿਚ VCA ਮਾਡਲ ਅਪਣਾਉਣ ਦਾ ਫੈਸਲਾ ਕੀਤਾ ਹੈ।

2002 ਵਿੱਚ, ਰਾਜ ਦੇ ਕਾਨੂੰਨ ਵਿੱਚ ਵੋਟਰਾਂ ਨੂੰ ਸਥਾਈ ਤੌਰ ਤੇ ਵੋਟ-ਬਾਈ-ਮੇਲ ਵਜੋਂ ਰਜਿਸਟਰ ਕਰਨ ਦੀ ਆਗਿਆ ਦੇਣ ਲਈ ਸੋਧ ਕੀਤੀ ਗਈ ਸੀ। ਉਦੋਂ ਤੋਂ, ਵੋਟ-ਬਾਈ-ਮੇਲ (VBM) ਦੀ ਗਿਣਤੀ 2016 ਦੀਆਂ ਆਮ ਚੋਣਾਂ ਦੇ ਮੁਕਾਬਲੇ ਲਗਾਤਾਰ ਵੱਧ ਕੇ ਕਾਉਂਟੀ ਦੇ ਰਜਿਸਟਰਡ ਵੋਟਰਾਂ ਦੀ ਗਿਣਤੀ ਦੀ 67% ਹੋ ਗਈ ਹੈ।

ਮੈਡੇਰਾ ਕਾਉਂਟੀ ਰਜਿਸਟਰਾਰ ਆਫ ਵੋਟਰਸ ਨੇ ਸਤੰਬਰ 2017 ਵਿਚ ਵੋਟਿੰਗ ਐਕਸੈਬਿਲਿਟੀ ਐਡਵਾਈਜ਼ਰੀ ਕਮੇਟੀ (VAAC) ਅਤੇ ਲੈਂਗੁਏਜ ਐਕਸੈਬਿਲਿਟੀ ਐਡਵਾਈਜ਼ਰੀ ਕਮੇਟੀ (LAAC) ਦੋਵਾਂ ਦੀ ਸਥਾਪਨਾ ਕੀਤੀ। ਇਸ ਤੋਂ ਇਲਾਵਾ, 2017 ਦੇ ਅਗਸਤ ਮਹੀਨੇ ਵਿਚ, MCROV ਨੇ ਕਮਿਊਨਿਟੀ ਇਲੈਕਸ਼ਨ ਵਰਕਿੰਗ ਗਰੁੱਪ (CEW) ਦੀ ਸਥਾਪਨਾ ਕੀਤੀ ਜਿਸ ਵਿਚ ਵੱਖ ਵੱਖ ਸਭਿਆਚਾਰਕ, ਨਸਲੀ ਅਤੇ ਰਾਜਨੀਤਕ ਪਿਛੋਕੜ ਵਾਲੇ ਭਾਈਚਾਰਿਆਂ ਦੇ ਹਿੱਸੇਦਾਰ ਸ਼ਾਮਿਲ ਸਨ। ਇਹ ਕਮੇਟੀਆਂ MCROV ਨੂੰ ਜਰੂਰੀ ਫੀਡਬੈਕ ਪ੍ਰਦਾਨ ਕਰਨ ਲਈ ਸਥਾਪਤ ਕੀਤੀਆਂ ਗਈਆਂ ਸਨ ਅਤੇ ਮੈਡੇਰਾ ਕਾਉਂਟੀ ਵਿਚ ਚੋਣ ਪ੍ਰਸ਼ਾਸ਼ਨ ਦਾ ਇਕ ਬੁਨਿਆਦੀ ਹਿੱਸਾ ਹੋਣਗੀਆਂ।

ਇੱਕ VCA ਨੂੰ ਇੱਕ ਡ੍ਰਾਫਟ ਇਲੈਕਸ਼ਨ ਐਡਮਿਨੀਸਟ੍ਰੇਸ਼ਨ ਪਲਾਨ (EAP) ਤਿਆਰ ਕਰਨ ਲਈ MCROV ਦੀ ਲੋੜ ਹੈ। ਇਸ ਯੋਜਨਾ ਦਾ ਮਕਸਦ ਵੱਖ-ਵੱਖ ਹਿੱਸੇਦਾਰਾਂ, ਹਿੱਤ ਸਮੂੰਹਾਂ ਅਤੇ ਭਾਸ਼ਾ ਅਤੇ ਅਪੰਗਤਾ ਸਮੂਹਾਂ ਸਮੇਤ ਭਾਈਚਾਰਿਆਂ ਦੇ ਮੈਂਬਰਾਂ ਤੋਂ ਫੀਡਬੈਕ ਦੀ ਪ੍ਰਤੀਨਿਧਤਾ ਕਰਨ ਲਈ ਸਭ ਨੂੰ ਸ਼ਾਮਲ ਕਰਨਾ ਹੈ। MCROV ਨੇ 2 ਜਨਤਕ ਸਲਾਹ ਮਸ਼ਵਰੇ ਦੀਆਂ ਬੈਠਕਾਂ 29 ਦਸੰਬਰ ਨੂੰ ਕੀਤੀਆਂ ਅਤੇ ਡਰਾਫਟ EAP ਬਣਾਉਣ ਲਈ ਪ੍ਰਾਪਤ ਸਲਾਹ ਉੱਤੇ ਵਿਚਾਰ ਕੀਤਾ।

MCROV ਨੇ ਵਧੇਰੇ ਜਨਤਕ ਇਨਪੁਟ ਲਈ ਹੋਰ ਬੈਠਕਾਂ ਕਰਨ ਦੀ ਯੋਜਨਾ ਬਣਾਈ ਹੈ। ਸਾਡੇ LAAC ਅਤੇ VAAC ਦੀਆਂ ਪਹਿਲੀਆਂ ਬੈਠਕਾਂ ਕ੍ਰਮਵਾਰ 24 ਜਨਵਰੀ ਅਤੇ 31 ਜਨਵਰੀ ਨੂੰ ਹੋਣਗੀਆਂ, ਜਿਸ ਵਿੱਚ ਅਸੀਂ ਯੋਜਨਾ ਵਿਚ ਸ਼ਾਮਿਲ ਕਰਨਾ ਲਈ ਵਧੇਰੇ ਫੀਡਬੈਕ ਦੀ ਆਸ ਕਰਦੇ ਹਾਂ।

ਡਰਾਫਟ ਪ੍ਰਸ਼ਾਸਨ ਦੀ ਯੋਜਨਾ ਲਈ ਜਨਤਕ ਟਿੱਪਣੀ ਦੀ ਮਿਆਦ 12 ਜਨਵਰੀ ਨੂੰ ਸ਼ੁਰੂ ਅਤੇ 1 ਫਰਵਰੀ 2018 ਨੂੰ ਸ਼ਾਮ 5:00 ਵਜੇ ਖਤਮ ਹੋਵੇਗੀ, ਜੋ ਕਿ VCA ਦੀ 14 ਦਿਨ ਦੀ ਲੋੜ ਤੋਂ ਵੱਧ ਹੈ। 30 ਜਨਵਰੀ, 2018 ਨੂੰ ਸ਼ਾਮੀਂ 3 ਵਜੇ ਇੱਕ ਜਨਤਕ ਸੁਣਵਾਈ, ਮੈਡੇਰਾ ਕਾਉਂਟੀ ਗਵਰਨਮੈਂਟ ਸੈਂਟਰ ਜੋ ਕਿ 200 ਵੇਸਟ ਫੋਰਥ ਸਟਰੀਟ, ਮੈਡਰਾ, CA 93637, ਤੇ ਸਥਿਤ ਹੈ, ਵਿਖੇ ਹੋਵੇਗੀ, ਜੋ ਕਿ VCA ਵੱਲੋਂ ਭਾਈਚਾਰੇ ਨੂੰ ਯੋਜਨਾ ਤੇ ਜਨਤਕ ਟਿੱਪਣੀ ਕਰਨ ਦਾ ਮੌਕਾ ਦੇਣ ਲਈ ਲੋੜੀਂਦੀ ਹੈ।

EAP, ਮੈਡਰਾ ਕਾਉਂਟੀ ਦੇ ਵੋਟਰਾਂ ਨੂੰ VCA ਲਾਗੂ ਕਰਨ ਸੰਬੰਧੀ ਜ਼ਰੂਰੀ ਜਾਣਕਾਰੀ ਪ੍ਰਦਾਨ ਕਰਨਾ ਚਾਹੁੰਦਾ ਹੈ। ਇਸ ਤਰ੍ਹਾਂ, ਇੱਥੇ ਅਸੀਂ ਵੋਟ-ਬਾਈ-ਮੇਲ (VBM) ਦੀ ਪ੍ਰਕਿਰਿਆ, ਵੋਟ ਕੇਂਦਰਾਂ ਅਤੇ ਬੈਲਟ ਡਰਾਪ ਆਫ ਲੋਕੇਸ਼ਨ (BDOL), ਲਾਈ ਜਾਣ ਵਾਲੀ ਤਕਨੀਕ ਅਤੇ ਸਾਡੀ ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ ਦੇ ਵੇਰਵੇ ਦਾ ਵਰਣਨ ਕਰਦੇ ਹਾਂ।

<u>ਵੋਟ-ਬਾਈ-ਮੇਲ:</u>

VCA ਦੇ ਅਨੁਸਾਰ, ਸਾਰੇ ਰਜਿਸਟਰਡ ਵੋਟਰਾਂ ਨੂੰ ਚੋਣ ਤੋਂ 29 ਦਿਨ ਪਹਿਲਾਂ ਇੱਕ ਬੈਲਟ ਭੇਜਿਆ ਜਾਵੇਗਾ, ਜਿਸਦੇ ਨਾਲ ਬੈਲਟ ਨੂੰ ਵਾਪਸ ਕਰਨ ਲਈ ਇੱਕ ਲਿਫ਼ਾਫ਼ਾ ਵੀ ਹੋਵੇਗਾ। ਵੋਟਰ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ VBM ਬੈਲਟ ਲਈ ਵੀ ਬੇਨਤੀ ਕਰ ਸਕਦੇ ਹਨ। ਅਪਾਹਜ ਵੋਟਰ, ਅਤੇ ਨਾਲ ਹੀ ਵਿਦੇਸ਼ੀ ਵੋਟਰ, ਫੌਜੀ ਕਰਮਚਾਰੀ ਅਤੇ ਫੌਜੀਆਂ ਦੇ ਜੀਵਨਸਾਥੀ ਸਾਡੇ ਰਿਮੋਟ ਐਕਸੈਸਿਬਲ ਵੋਟ-ਬਾਈ-ਮੇਲ ਸਿਸਟਮ (RAVBM) ਦਾ ਲਾਭ ਲੈ ਸਕਦੇ ਹਨ, ਜੋ ਯੋਗਤਾ ਪ੍ਰਾਪਤ ਵੋਟਰਾਂ ਨੂੰ ਆਪਣੇ ਨਿੱਜੀ ਕੰਪਿਊ ਟਰ ਤੇ ਇੱਕ ਸਕ੍ਰੀਨ-ਪੜ੍ਹਨਯੋਗ ਫਾਰਮੇਟ ਵਿੱਚ ਆਪਣੇ ਬੈਲਟ ਤੱਕ ਪਹੁੰਚ ਪ੍ਰਾਪਤ ਕਰਨ ਅਤੇ ਨਿਸ਼ਾਨ ਲਗਾਉਣ ਦੀ ਆਗਿਆ ਦੇਵੇਗਾ।

<u>ਵੋਟ ਕੇਂਦਰ ਅਤੇ ਬੈਲਟ ਡ੍ਰੌਪ ਆਫ ਲੋਕੇਸ਼ਨ</u>

VCA ਨੇ ਵੋਟ ਕੇਂਦਰਾਂ ਅਤੇ ਡ੍ਰੌਪਬਾਕਸ ਨੂੰ ਰੱਖਣ / ਸਥਾਨ ਲਈ ਨਿਸ਼ਚਿਤ ਮਾਪਦੰਡ ਸਥਾਪਤ ਕੀਤਾ ਹੈ। ਕਾਨੂੰਨ ਲਈ ਇਹ ਜ਼ਰੂਰੀ ਹੈ ਕਿ ਵੋਟ ਕੇਂਦਰ ਅਤੇ ਬੈਲਟ ਡ੍ਰੌਪ ਆਫ ਦੀਆਂ ਥਾਵਾਂ ਅਸਮਰਥਤਾ ਵਾਲੇ ਵੋਟਰਾਂ ਲਈ ਪਹੁੰਚਯੋਗ, ਆਬਾਦੀ ਕੇਂਦਰਾਂ, ਜਨਤਕ ਆਵਾਜਾਈ ਦੇ ਨੇੜੇ ਅਤੇ ਘੱਟ ਆਮਦਨ ਵਾਲੇ ਅਤੇ ਭਾਸ਼ਾਈ ਘੱਟਗਿਣਤੀ ਭਾਈਚਾਰਿਆਂ ਦੇ ਨੇੜੇ ਸਥਿਤ ਹੋਣ।

ਵੋਟ ਕੇਂਦਰ ਅਤੇ ਬੈਲਟ ਡਰਾਪ-ਆਫ ਸਥਾਨਾਂ ਨੂੰ VAAC ਅਤੇ ਭਾਸ਼ਾ ਪਹੁੰਚਯੋਗਤਾ LAAC ਦੇ ਨਾਲ ਮਸ਼ਵਰਾ ਕਰਕੇ ਚੁਣਿਆ ਜਾਵੇਗਾ। ਇਸ ਤੋਂ ਇਲਾਵਾ, ਭੂਗੋਲਿਕ ਸੂਚਨਾ ਸਿਸਟਮ (GIS) ਮੈਪਿੰਗ ਸੌਫਟਵੇਅਰ, US ਜਨਗਣਨਾ ਡੇਟਾ, ਵੋਟਰ ਦਾ ਇਤਿਹਾਸ ਅਤੇ ਕਿਸੇ ਵੀ ਹੋਰ ਆਸਾਨੀ ਨਾਲ ਉਪਲੱਬਧ ਡੇਟਾ ਵੋਟਰਾਂ ਦੇ ਅਨੁਕੂਲ ਨਜ਼ਦੀਕੀ ਸਥਾਨਾਂ ਨੂੰ ਯਕੀਨੀ ਬਣਾਉਣ ਲਈ ਵਰਤਿਆ ਜਾਵੇਗਾ।

ਜਦੋਂ ਡਰਾਫਟ ਚੋਣ ਪ੍ਰਸ਼ਾਸ਼ਨ ਯੋਜਨਾ ਜਾਰੀ ਕੀਤੀ ਗਈ, MCROV ਨੇ ਅਨੁਮਾਨ ਲਗਾਇਆ ਸੀ ਕਿ ਪਹਿਲੇ ਦੋ ਵੋਟ ਕੇਂਦਰ ਮੈਡੇਰਾ ਅਤੇ ਓਖੁਰਸਟ ਦੇ ਭਾਈਚਾਰੇ ਵਿੱਚ ਸਥਿਤ ਹੋਣਗੇ। 3 ਤੋਂ 6 ਤੱਕ ਵੋਟ ਕੇਂਦਰ ਚੌਚਿਲਾ, ਕੋਰਸਗੋਲਡ, ਮੈਡੇਰਾ ਅਤੇ ਮੈਡੇਰਾ ਰੈਂਚੋਸ ਦੇ ਭਾਈਚਾਰੇ ਵਿਚ ਹੋਣ ਦੀ ਉਮੀਦ ਹੈ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਬੈਲਟ ਡਰੌਪਬਾਕਸ ਚੌਚਿਲਾ, ਮੈਡੇਰਾ (24 ਘੰਟੇ/ ਦਿਨ, ਡ੍ਰਾਇਵ ਅਪ), ਮੈਡਰਰਾ ਰੈਂਕੋਸ ਅਤੇ ਓਖੁਰਸਟ ਦੇ ਭਾਈਚਾਰਿਆਂ ਵਿੱਚ ਸਥਿਤ ਹੋਣਗੇ।

ਵੋਟ ਕੇਂਦਰ: ਵੋਟ ਕੇਂਦਰ ਪੋਲਿੰਗ ਸਥਾਨਾਂ ਵਾਂਗ ਹੀ ਕੰਮ ਕਰੇਗਾ, ਵੋਟਰਾਂ ਨੂੰ ਕਾਗਜ' ਤੇ ਜਾਂ ਇਕ ਪਹੁੰਚਯੋਗ ਬੈਲਟ ਮਾਰਕਿੰਗ ਯੰਤਰ ਦਾ ਇਸਤੇਮਾਲ ਕਰਕੇ ਵਿਅਕਤੀਗਤ ਤੌਰ 'ਤੇ ਆਪਣੇ ਮਤਦਾਨ ਕਰਨ ਦੀ ਇਜ਼ਾਜਤ ਦਿੱਤੀ ਜਾਵੇਗੀ। ਵੋਟਿੰਗ ਸਥਾਨਾਂ ਤੋਂ ਉਲਟ, ਹਾਲਾਂਕਿ ਵੋਟਰ ਆਪਣੇ ਬੈਲਟ ਦੇ ਸਕਦੇ ਹਨ, ਜਾਂ ਕਾਉਂਟੀ ਭਰ ਵਿੱਚ ਕਿਸੇ ਵੀ ਵੋਟ ਕੇਂਦਰ ਤੇ ਬੈਲਟ ਬਦਲਣ ਲਈ ਬੇਨਤੀ ਕਰ ਸਕਦੇ ਹਨ ਅਤੇ ਬੈਲਟ ਪ੍ਰਾਪਤ ਕਰ ਸਕਦੇ ਹਨ। ਵੋਟਰ ਕਿਸੇ ਵੀ ਵੋਟ ਕੇਂਦਰ ਵਿੱਚ ਆਪਣੀ ਆਪਣੀ ਵੋਟ ਰਜਿਸਟਰ ਕਰ ਸਕਦੇ ਹਨ ਜਾਂ ਰਜਿਸਟ੍ਰੇਸ਼ਨ ਨੂੰ ਅਪਡੇਟ ਕਰਸਕਦੇ ਹਨ। ਜਿਹੜੇ ਵੋਟਰ ਰਜਿਸਟ੍ਰੇਸ਼ਨ ਦੇ ਬੰਦ ਹੋਣ ਤੋਂ ਪਹਿਲਾਂ ਰਜਿਸਟਰਡ ਨਹੀਂ ਹੋਏ (ਚੋਣਾਂ ਤੋਂ 14 ਦਿਨ ਪਹਿਲਾਂ), ਵੋਟ ਵਾਲੇ ਦਿਨ ਕਿਸੇ ਵੀ ਵੋਟ ਕੇਂਦਰ ਵਿੱਚ ਵੋਟ ਪਾਉਣ ਲਈ ਰਜਿਸਟਰ ਕਰਾਉਣ ਅਤੇ ਇੱਕ ਆਰਜ਼ੀ ਬੈਲਟ ਦੇਣ ਦੇ ਯੋਗ ਹੋਣਗੇ।

ਵੋਟ ਕੇਂਦਰ ਕੋਲ ਕਾਊਂਟੀ ਦੀ ਚੋਣ ਪ੍ਰਬੰਧਨ ਪ੍ਰਣਾਲੀ ("EMS") ਦੀ ਸੁਰੱਖਿਅਤ ਪਹੁੰਚ ਹੋਵੇਗੀ, ਜੋ ਵੋਟ ਕੇਂਦਰ ਦੇ ਸਟਾਫ ਨੂੰ ਅਸਲ ਸਮੇਂ, ਹਰੇਕ ਵੋਟਰ ਦੀ ਵੋਟਿੰਗ ਸਥਿਤੀ ਦੀ ਜਾਂਚ ਕਰਨ ਦੀ ਅਨੁਮਤੀ ਦੇਵੇਗੀ। ਵੋਟ ਕੇਂਦਰਾਂ ਨੂੰ ਘੱਟੋ ਘੱਟ 4 ਪਹੁੰਚਯੋਗ ਬੈਲਟ ਮਾਰਕਿੰਗ ਉਪਕਰਣਾਂ ਨਾਲ ਲੈਸ ਕੀਤਾ ਜਾਏਗਾ। ਸਾਰੇ ਵੋਟ ਕੇਂਦਰ ADA ਦੇ ਅਨੁਕੂਲ ਹੋਣਗੇ, ਅਤੇ ਵੋਟਰਾਂ ਨੂੰ ਵਿਸ਼ੇਸ਼ ਲੋੜਾਂ ਦੇ ਨਾਲ ਸਹਾਇਤਾ ਕਰਨ ਲਈ ਚੋਣ ਕਰਮਚਾਰੀ ਸਥਾਨ 'ਤੇ ਹੋਣਗੇ।

ਵੋਟ ਪਾਉਣ ਦੇ ਵਿਘਨ ਨੂੰ ਰੋਕਣ ਲਈ ਅਤੇ ਚੋਣਾਂ ਨੂੰ ਸਹੀ ਤਰੀਕੇ ਨਾਲ ਕਰਵਾਉਣ ਲਈ ਸੁਰੱਖਿਆ ਅਤੇ ਅਚਨਚੇਤ ਯੋਜਨਾਵਾਂ ਲਾਗੂ ਹੋਣਗੀਆਂ। ਜਦੋਂ ਵੋਟ ਕੇਂਦਰਾਂ ਤੇ ਕੋਈ ਕੰਮ ਨਾ ਚੱਲ ਰਿਹਾ ਹੋਵੇ ਤਾਂ ਜਗ੍ਹਾ ਅਤੇ ਸਾਜ਼ੋ-ਸਾਮਾਨ ਪ੍ਰੀਖਿਆ ਅਤੇ ਸਥਾਪਤ ਸੁਰੱਖਿਆ ਪਰੋਟੋਕਾਲ ਜਿਵੇਂ ਕਿ ਛੇੜਛਾੜ ਦੀਆਂ ਸੀਲਾਂ ਅਤੇ ਸੁਰੱਖਿਅਤ ਸਟੋਰੇਜ ਸਹੂਲਤਾਂ ਦੁਆਰਾ ਸੁਰੱਖਿਅਤ ਕੀਤੇ ਜਾਣਗੇ।

ਇੱਕ ਨਮੂਨਾ ਵੋਟ ਕੇਂਦਰ ਖਾਕਾ ਚਿੱਤਰ ਨਾਲ ਦਿੱਤਾ ਗਿਆ ਹੈ।

ਵੋਟ ਕੇਂਦਰ ਫਾਰਮੂਲਾ: ਵੋਟ ਕੇਂਦਰ ਕ੍ਰਮਵਾਰ ਖੁੱਲ੍ਹਣਗੇ, ਜਿਸਦੇ ਨਾਲ ਵੱਧ ਗਿਣਤੀ ਵਿੱਚ ਵੋਟ ਕੇਂਦਰ ਕਾਰਜਸ਼ੀਲ ਜਿਉਂ ਜਿਉਂ ਚੋਣਾਂ ਨੇੜੇ ਆਉਣਗੀਆਂ ਹਨ। ਪਹਿਲੇ ਦੋ ਵੋਟ ਕੇਂਦਰ ਚੋਣਾਂ ਤੋਂ 10 ਦਿਨ ਪਹਿਲਾਂ ਖੁੱਲਣਗੇ ਅਤੇ ਹੋਰ ਚਾਰ ਵੋਟ ਕੇਂਦਰ ਚੋਣਾਂ ਸ਼ੁਰੂ ਹੋਣ ਤੋਂ ਤਿੰਨ ਦਿਨ ਪਹਿਲਾਂ ਪੂਰੀ ਤਰ੍ਹਾਂ ਕਾਰਜਸ਼ੀਲ ਹੋਣਗੇ।

ਕਾਉਂਟੀ ਭਰ ਵਿਚ ਵੋਟ ਕੇਂਦਰਾਂ ਦੇ ਸਥਾਨਾਂ ਦਾ ਨਿਰਧਾਰਨ ਕਰਨ ਲਈ VCA ਨੇ ਹੇਠ ਦਿੱਤੇ ਫਾਰਮੂਲੇ ਦੀ ਸਥਾਪਨਾ ਕੀਤੀ ਹੈ। ਇਹ ਨੰਬਰ ਜੂਨ 2018 ਚੋਣਾਂ ਦੇ 58,000 ਰਜਿਸਟਰਡ ਵੋਟਰਾਂ ਦੇ ਅੰਦਾਜ਼ੇ ਦੇ ਆਧਾਰ ਤੇ ਹਨ:

| ਚੋਣਾਂ ਵਾਲੇ ਦਿਨ ਤੋਂ ਪਹਿਲਾਂ ਦਿਨ | ਪ੍ਰਤੀ ਵੋਟ ਕੇਂਦਰ ਦੇ ਰਜਿਸਟਰਡ ਵੋਟਰਾਂ ਦੀ ਗਿਣਤੀ | ਵੋਟ ਕੇਂਦਰਾਂ ਦੀ ਗਿਣਤੀ |
|---|---|---|
| 10 | 50,000 | 2 |
| 3 | 10,000 | 6 |

ਸਾਰੇ ਵੋਟ ਕੇਂਦਰ ਚੋਣ ਤੋਂ ਸ਼ਨੀਵਾਰ ਤੇ ਛੁੱਟੀਆਂ ਸਮੇਤ, 10 ਦਿਨ ਪਹਿਲਾਂ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਖੁੱਲ੍ਹੇ ਰਹਿਣਗੇ, ਅਤੇ ਚੋਣਾਂ ਵਾਲੇ ਦਿਨ ਸਵੇਰੇ 7:00 ਵਜੇ ਤੋਂ ਸ਼ਾਮ 8:00 ਵਜੇ ਤੱਕ ਖੁੱਲ੍ਹੇ ਰਹਿਣਗੇ।

ਹਰੇਕ ਵੋਟ ਕੇਂਦਰ ਵਿੱਚ ਘੱਟੋ ਘੱਟ ਪੰਜ ਚੋਣ ਕਰਮਚਾਰੀ ਹੋਣਗੇ। ਕਾਉਂਟੀ ਵੱਲੋਂ ਭਾਸ਼ਾ ਸਹਾਇਤਾ ਪ੍ਰਦਾਨ ਕਰਨ ਲਈ ਹਰੇਕ ਵੋਟ ਕੇਂਦਰ ਵਿੱਚ ਘੱਟ ਤੋਂ ਘੱਟ ਇਕ ਸਪੈਨਿਸ਼ ਬੋਲਣ ਵਾਲੇ ਚੋਣ ਵਰਕਰ ਦੀ ਭਰਤੀ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਸਭ ਤੋਂ ਹਾਲ ਦੇ ਇਲੈਕਸ਼ਨ ਕਮਿਸ਼ਨ 14201 ਦੀਆਂ ਸ਼ਰਤਾਂ ਦੇ ਅਨੁਸਾਰ ਪੰਜਾਬੀ ਬੋਲਣ ਵਾਲੇ ਚੋਣ ਕਰਮਚਾਰੀਆਂ ਦੀ ਭਰਤੀ ਲਈ ਕਾਊਂਟੀ ਇੱਕ ਚੰਗੇ ਯਤਨ ਕਰੇਗੀ।

ਬੈਲਟ ਡ੍ਰੌਪ-ਆਫ ਬੌਕਸ: 5 ਜੂਨ, 2018 ਦੀਆਂ ਚੋਣਾਂ ਲਈ ਕੁਲ 4 ਬੈਲਟ ਡ੍ਰੋਪ-ਆਫ ਬਾਕਸਾਂ ਲਈ ਕਾਊਂਟੀ ਦੇ ਹਰ 15,000 ਰਜਿਸਟਰਡ ਵੋਟਰਾਂ ਲਈ ਘੱਟ ਤੋਂ ਘੱਟ ਇੱਕ ਬੈਲਟ ਡਰਾਪ-ਆਫ ਬਾਕਸ ਦੀ ਜ਼ਰੂਰਤ ਹੈ। ਇਹ ਬੈਲਟ ਡਰਾਪ-ਆਫ ਬਾਕਸ ਚੋਣ ਦੇ ਦਿਨ ਤੋਂ ਘੱਟੋ ਘੱਟ 28 ਦਿਨ ਪਹਿਲਾਂ ਉਪਲਬਧ ਹੋਣਗੇ ਅਤੇ ਨਿਯਮਤ ਵਪਾਰਕ ਸਮੇਂ ਦੇ ਦੌਰਾਨ ਖੁੱਲ੍ਹਣਗੇ। ਮੈਡੇਰਾ ਕਾਉਂਟੀ ਸਰਕਾਰ ਕੇਂਦਰ ਦੇ ਬਾਹਰ ਇੱਕ ਬੈਲਟ

ਡਰਾਪ-ਆਫ ਬਾਕਸ ਦਿਨ ਵਿੱਚ ਚੌਵੀ ਘੰਟੇ ਖੁੱਲ੍ਹਿਆ ਹੋਵੇਗਾ ਅਤੇ ਡ੍ਰਾਇਵ ਅਪ ਪਹੁੰਚਯੋਗ ਹੋਵੇਗਾ। ਮੈਡੇਰਾ ਕਾਉਂਟੀ ਸਰਕਾਰ ਕੇਂਦਰ 200 ਵੈਸਟ ਫੋਰਥ ਸਟ੍ਰੀਟ, ਮੈਡੇਰਾ, CA 93637 ਤੇ ਸਥਿਤ ਹੈ।

ਵੋਟ ਕੇਂਦਰ ਅਤੇ ਬੈਲਟ ਡਰਾਪ-ਆਫ ਸਥਾਨ ਨਕਸ਼ਿਆਂ ਦੇ ਨਾਲ, ਪ੍ਰਸਤਾਵਿਤ ਵੋਟ ਕੇਂਦਰ ਅਤੇ ਬੈਲਟ ਡਰਾਪ-ਆਫ ਸਥਾਨਾਂ ਦੀ ਇੱਕ ਸੂਚੀ, ਨਾਲ ਸ਼ਾਮਿਲ ਹੈ।

ਵੋਟਿੰਗ ਤਕਨਾਲੋਜੀ

MCROV 5 ਜੂਨ, 2018 ਦੀਆਂ ਪ੍ਰਾਇਮਰੀ ਚੋਣਾਂ ਲਈ ਡੋਮੀਨੀਅਨ ਵੋਟਿੰਗ ਸਿਸਟਮ (DVS) ਤੋਂ ਪੂਰੀ ਤਰਾਂ ਨਵੀਂ ਇਮੇਜ ਕਾਸਟ ਵੋਟਿੰਗ ਸਿਸਟਮ (ICVS) ਦੀ ਸਥਾਪਨਾ ਕਰੇਗਾ। ICVS ਲਾਗੂ ਕਰਨ ਵਿੱਚ ਘੱਟੋ ਘੱਟ 3 ਇਮੇਜ ਕਾਸਟ ਐਕਸ (ICX) ਪਹੁੰਚਯੋਗ ਬੈਲਟ ਮਾਰਕਿੰਗ ਦੇ ਨਾਲ ਨਾਲ ਹਰ ਇਕ ਕੇਂਦਰ ਮੋਬਾਈਲ ਬੈਲਟ ਪ੍ਰਿੰਟਿੰਗ (MBP) ਮਾਡਿਊਲ ਸ਼ਾਮਲ ਹੋਵੇਗਾ ਜੋ ਪਹਿਲੀ ਵਾਰ MCROV ਨੂੰ ਵੋਟ ਕੇਂਦਰਾਂ ਵਿਚ ਸਾਰੀਆਂ ਲੋੜੀਂਦੀ ਭਾਸ਼ਾਵਾਂ ਵਿਚ ਮੰਗ 'ਤੇ ਵੋਟ ਪ੍ਰਿੰਟ ਕਰਨ ਦੀ ਇਜਾਜ਼ਤ ਦਵੇਗਾ। ਇਸ ਤੋਂ ਇਲਾਵਾ, MCROV ਉਹਨਾਂ ਲੋਕਾਂ ਲਈ DVS ਰਿਮੋਟ ਪਹੁੰਚਯੋਗ ਵੋਟ-ਬਾਈ-ਮੇਲ ਪ੍ਰਣਾਲੀ ਲਾਗੂ ਕਰੇਗਾ ਜਿਹੜੇ ਇੱਕ ਪਹੁੰਚਯੋਗ VBM ਬੈਲਟ ਦੀ ਬੇਨਤੀ ਕਰਦੇ ਹਨ।

ICVS ਵਿੱਚ ਤਸਵੀਰ ਖਿੱਚਣ ਅਤੇ ਆਡਿਟ-ਮਾਰਕ ਸਮਰੱਥਾ ਦੇ ਨਾਲ ਆਰਟ ਸਕੈਨਰਾਂ ਦੀ ਨਵੀ ਅਵਸਥਾ ਸ਼ਾਮਲ ਹੋਵੇਗੀ।

ਇਸ ਤੋਂ ਇਲਾਵਾ, ਹਰੇਕ ਵੋਟ ਕੇਂਦਰ ਵਿਚ ਨਿੱਜੀ ਕੰਪਿਊਟਰਾਂ ਦਾ ਇੱਕ ਨੈੱਟਵਰਕ MCROV ਚੋਣ ਸੂਚਨਾ ਪ੍ਰਬੰਧਨ ਸਿਸਟਮ (EIMS) ਨਾਲ ਇੱਕ ਸੁਰੱਖਿਅਤ ਸੰਬੰਧ ਰਾਹੀਂ ਜੋੜਿਆ ਜਾਵੇਗਾ। EIMS ਕੈਲੀਫੋਰਨੀਆ ਰਾਜ (VoteCal) ਦੁਆਰਾ ਪ੍ਰਬੰਧਿਤ ਵੋਟਰ ਰਜਿਸਟਰੇਸ਼ਨ ਨਾਲ ਜੁੜਿਆ ਹੋਇਆ ਹੈ। ਇਹ ਵੋਟਰ ਰਜਿਸਟ੍ਰੇਸ਼ਨ ਡੇਟਾ ਤੱਕ ਪਹੁੰਚ ਪ੍ਰਦਾਨ ਕਰੇਗਾ, ਜਿਸ ਨਾਲ ਵੋਟ ਕੇਂਦਰ ਦੇ ਕਰਮਚਾਰੀਆਂ ਨੂੰ ਰੀਅਲ ਟਾਈਮ ਵਿੱਚ ਹਰੇਕ ਵੋਟਰ ਦੇ ਰਜਿਸਟਰੇਸ਼ਨ ਅਤੇ ਵੋਟਰ ਦੀ ਸਥਿਤੀ ਦਾ ਪਤਾ ਲੱਗ ਸਕੇਗਾ।

ਵਿੱਤੀ ਪ੍ਰਭਾਵ

ਇਸ ਸਮੇਂ VCA ਅਤੇ ਸਬੰਧਤ ਵਿਧਾਨਿਕ ਅਧਿਕਾਰਾਂ ਦੇ ਵਿੱਤੀ ਪ੍ਰਭਾਵ ਅਣਜਾਣ ਹਨ।

5 ਜੂਨ, 2018 ਦੀਆਂ ਰਾਜ ਭਰ ਦੀਆਂ ਪ੍ਰਤੱਖ ਪ੍ਰਾਇਮਰੀ ਚੋਣਾਂ ਆਪਣੀ ਕਿਸਮ ਦੀਆਂ ਪਹਿਲੀਆਂ ਹੋਣਗੀਆਂ, ਨਵੇਂ ਆਲ-ਮੇਲ ਬੈਲਟ / ਵੋਟ ਕੇਂਦਰ ਮਾਡਲ ਅਤੇ ਨਵੇਂ ਚੋਣ ਕਾਨੂੰਨ ਦੋਵਾਂ ਦੇ ਰੂਪ ਵਿੱਚ, ਜੋ ਕਿ ਜੂਨ 2018 ਦੀਆਂ ਚੋਣਾਂ ਲਈ ਪੂਰੀ ਤਰ੍ਹਾਂ ਲਾਗੂ ਕੀਤੇ ਜਾਣਗੇ। ਮੁੱਖ ਗਵਰਨਰੀਅਲ ਪ੍ਰਾਇਮਰੀ ਚੋਣ ਵਿੱਚ ਇੱਕੋ ਸਮੇਂ ਤੇ ਆ ਰਹੇ ਇਹਨਾਂ ਨਵੇਂ ਕਾਨੂੰਨਾਂ ਦੇ ਸੰਯੁਕਤ ਪ੍ਰਭਾਵ ਕਰਕੇ ਰਾਜ ਭਰ ਵਿੱਚ ਕਾਉਂਟੀਆਂ ਲਈ ਚੋਣ ਖਰਚ ਵੱਧ ਸਕਦਾ ਹੈ। ਸਮੇਂ ਦੇ ਨਾਲ VCA ਕੋਲ ਇਹਨਾਂ ਨਵੇਂ ਵਿਧਾਨਿਕ ਅਧਿਕਾਰਾਂ ਨਾਲ ਸਬੰਧਿਤ ਅਤਿਰਿਕਤ ਖ਼ਰਚਿਆਂ ਨੂੰ ਘਟਾਉਣ ਦਾ ਪ੍ਰਭਾਵ ਹੋਣਾ ਚਾਹੀਦਾ ਹੈ।

ਇਸ ਤੋਂ ਇਲਾਵਾ, VCA ਖੁਦ ਸ਼ੁਰੂਆਤੀ ਖਰਚੇ ਕਰੇਗਾ ਜੋ ਥੋੜੇ ਸਮੇਂ ਵਿਚ ਚੋਣਾਂ ਦੇ ਖਰਚੇ ਨੂੰ ਵਧਾ ਸਕਦੇ ਹਨ। ਵੋਟ ਕੇਂਦਰ ਲੰਬੇ ਸਮੇਂ ਤੱਕ ਖੁੱਲ੍ਹੇ ਰਹਿਣਗੇ ਅਤੇ ਕਾਉਂਟੀ ਕਰਮਚਾਰੀਆਂ ਤੈਨਾਤ ਰਹਿਣਗੇ ਜਿਨ੍ਹਾਂ ਦੀ ਪ੍ਰਤੀ ਘੰਟੇ ਦੀ ਦਰ ਰਵਾਇਤੀ ਪੋਲ ਕਰਮਚਾਰੀਆਂ ਨਾਲੋਂ ਵਧੇਰੇ ਹੋਵੇਗੀ। ਵੋਟ ਕੇਂਦਰ ਦੇ ਕਰਮਚਾਰੀਆਂ ਨੂੰ ਵੋਟ ਕੇਂਦਰਾਂ ਦੀਆਂ ਗੁੰਝਲਤਾ ਅਤੇ ਤਕਨਾਲੋਜੀ ਲੋੜਾਂ ਦੇ ਪ੍ਰਬੰਧਨ ਲਈ ਅਤਿਰਿਕਤ ਸਿਖਲਾਈ ਦੀ ਜ਼ਰੂਰਤ ਹੋਏਗੀ। ਹਾਲਾਂਕਿ, 350 ਪੋਲ ਕਰਮਚਾਰੀਆਂ ਦੀ ਜਗ੍ਹਾ 50 ਤੋਂ ਘੱਟ ਵੋਟ ਕੇਂਦਰ ਕਰਮਚਾਰੀਆਂ ਨੂੰ ਰੁਜ਼ਗਾਰ ਦੇ ਨਤੀਜੇ ਵਜੋਂ ਕਾਉਂਟੀ ਨੂੰ ਮਿਹਨਤ ਦੀ ਬੱਚਤ ਮਹਿਸੂਸ ਹੋਵੇਗੀ।

ਵੋਟ ਕੇਂਦਰਾਂ ਅਤੇ ਕਾਊਂਟੀ ਦੇ ਵੋਟਰ ਰਜਿਸਟ੍ਰੇਸ਼ਨ ਡੇਟਾਬੇਸ ਦੇ ਵਿਚਕਾਰ ਬਹੁਤੇ ਸੁਰੱਖਿਅਤ ਕਨੈਕਸ਼ਨ ਬਣਾਏ ਜਾਣ ਨਾਲ ਨਵੇਂ ਸਾਜੋ ਸਾਮਾਨ, ਸੈਟ ਅਪ, ਟੈਸਟਿੰਗ ਅਤੇ ਸਹਾਇਤਾ ਦੇ ਕਾਰਨ ਖਰਚੇ ਵਧਣਗੇ। ਹਾਲਾਂਕਿ, ਵੋਟਰਜ਼ ਚੁਆਇਸ ਐਕਟ ਨੂੰ ਲਾਗੂ ਕਰਨ ਦੇ ਸਿੱਟੇ ਵਜੋਂ ਵੋਟ ਕੇਂਦਰ ਮਾਡਲ ਵਿਚ ਨਵੀਂ ਵੋਟਿੰਗ ਪ੍ਰਣਾਲੀ ਵਿਚ ਵਿੱਤੀ ਨਿਵੇਸ਼ ਰਵਾਇਤੀ ਪੋਲਿੰਗ ਸਥਾਨ ਮਾਡਲ ਦੇ ਮੁਕਾਬਲੇ ਲਗਪਗ ਅੱਧਾ ਖਰਚਾ ਹੈ, ਕਿਉਂਕਿ ਇਸ ਖੇੱਤਰ ਵਿੱਚ ਇਕਾਈਆਂ ਦੀ ਅੱਧ ਤੋਂ ਵੀ ਘੱਟ ਗਿਣਤੀ ਦੀ ਲੋੜ ਹੈ।

<u>ਸਿੱਟਾ</u>

ਕੈਲੀਫੋਰਨੀਆ ਵੋਟਰਜ਼ ਚੁਆਇਸ ਐਕਟ ਕੈਲੀਫੋਰਨੀਆ ਦੇ ਇਤਿਹਾਸ ਵਿਚ ਵੋਟਿੰਗ ਪ੍ਰਕਿਰਿਆ ਵਿਚ ਸਭ ਤੋਂ ਮਹੱਤਵਪੂਰਨ ਸੁਧਾਰ ਹੈ। ਚੋਣਾਂ ਕਰਾਉਣ ਦੀ ਇਸ ਨਵੀਂ ਵਿਧੀ ਨੂੰ ਸਫਲਤਾਪੂਰਵਕ ਲਾਗੂ ਕਰਨ ਨਾਲ ਕਾਊਂਟੀ ਦੇ ਵੋਟਰਾਂ ਅਤੇ ਭਾਗ ਲੈਣ ਵਾਲੇ ਅਧਿਕਾਰ ਖੇਤਰਾਂ ਨੂੰ ਕਈ ਫਾਇਦੇ ਅਤੇ ਮੌਕੇ ਮਿਲੇ ਹਨ। ਸਕੂਲੀ ਜਿਲ੍ਹਿਆਂ, ਨਗਰ ਨਿਗਮ ਅਤੇ ਵਿਸ਼ੇਸ਼ ਜਿਲ੍ਹਿਆਂ, ਨੂੰ ਨਵੇਂ ਆਲ-ਮੇਲ ਬੈਲਟ / ਵੋਟ ਕੇਂਦਰ ਚੋਣ ਮਾਡਲ ਦੇ ਨਤੀਜੇ ਵੱਜੋਂ ਵਧੀਆਂ ਕੁਸ਼ਲਤਾਵਾਂ ਅਤੇ ਘੱਟ ਹੋਏ ਬਿਲ ਯੋਗ ਖਰਚਿਆਂ ਦਾ ਫਾਇਦਾ ਹੋਇਆ ਹੈ। ਨਵਾਂ ਚੋਣ ਮਾਡਲ ਵੋਟਰ ਦੀ ਹਿੱਸੇਦਾਰੀ ਵਧਾਉਣ, ਅਸਮਰਥਤਾਵਾਂ ਵਾਲੇ ਵੋਟਰਾਂ ਨੂੰ ਵਧੇਰੇ ਪਹੁੰਚਯੋਗਤਾ ਪ੍ਰਦਾਨ ਕਰਨ, ਸਾਡੀ ਵੋਟਿੰਗ ਪ੍ਰਣਾਲੀਆਂ ਅਤੇ ਤਕਨਾਲੋਜੀ ਨੂੰ ਬਿਹਤਰ ਬਣਾਉਣ, ਅਤੇ ਸਾਡੇ ਚੋਣਾਂ ਦੀ ਬੁਨਿਆਦੀ ਸੁਰੱਖਿਆ ਨੂੰ ਮਜ਼ਬੂਤ ਬਣਾਉਣ ਦਾ ਸਕਾਰਾਤਮਕ ਪ੍ਰਭਾਵ ਪਾਵੇਗਾ।

ਮੈਡੇਰਾ ਕਾਊਂਟੀ ਰਜਿਸਟਰਾਰ ਵੋਟਰਜ਼ ਦਫਤਰ ਮੈਡੇਰਾ ਕਾਉਂਟੀ ਵੋਟਰਾਂ ਲਈ ਸਟੋਰ ਵਿੱਚ ਕਈ ਸੁਧਾਰਾਂ ਬਾਰੇ ਬਹੁਤ ਉਤਸ਼ਾਹਿਤ ਹੈ। ਅਸੀਂ ਸਹੀ, ਪਾਰਦਰਸ਼ੀ ਅਤੇ ਨਿਰਪੱਖ ਚੋਣਾਂ ਪ੍ਰਦਾਨ ਕਰਨ ਲਈ ਅੱਗੇ ਵਧਣ ਦੀ ਉਮੀਦ ਰੱਖਦੇ ਹਾਂ, ਜਿਸ ਤੇ ਮੈਡੇਰਾ ਕਾਉਂਟੀ ਦੇ ਵੋਟਰਾਂ ਨੂੰ ਪੂਰਾ ਵਿਸ਼ਵਾਸ ਹੋ ਸਕੇ।

# ਸੈਕਸ਼ਨ 1 - ਵੋਟਰ ਸਿੱਖਿਆ ਅਤੇ ਪਹੁੰਚ ਪਲਾਨ

ਆਮ ਜਰੂਰਤਾਂ

1-A ***ਇਕ ਪਹੁੰਚ ਵਾਲੇ ਫ਼ੋਰਮੈਟ ਵਿਚ ਵੋਟ-ਬਾਈ-ਮੇਲ ਬੈਲਟ ਦੀ ਉਪਲਬਧਤਾ ਦੇ ਵੋਟਰਾਂ ਨੂੰ ਸੂਚਿਤ ਕਰਨ ਅਤੇ ਅਜਿਹੀ ਬੈਲਟ ਦੀ ਬੇਨਤੀ ਕਰਨ ਦੀ ਪ੍ਰਕਿਰਿਆ ਲਈ ਸੋਸ਼ਲ ਮੀਡੀਆ, ਅਖ਼ਬਾਰਾਂ, ਰੇਡੀਓ ਅਤੇ ਟੈਲੀਵਿਜ਼ਨ ਸਮੇਤ ਮੀਡੀਆ ਦੀ ਵਰਤੋਂ।***
*§4005(a)(10) (I)(i)(II), §4005(a)(10)(I)(i)(VIII)*

MCROV ਇੱਕ ਪਹੁੰਚਯੋਗ ਫੋਰਮੈਟ ਵਿੱਚ ਇੱਕ VBM ਬੈਲਟ ਪ੍ਰਾਪਤ ਕਰਨ ਬਾਰੇ ਜਾਣਕਾਰੀ ਮੁਹੱਈਆ ਕਰੇਗਾ ਅਤੇ ਇਸ ਦਸਤਾਵੇਜ਼ ਦੇ ਭਾਗ 1-B ਵਿੱਚ ਦੱਸੇ ਗਏ ਸਾਰੇ ਖਾਕਿਆਂ ਅਤੇ ਤਰੀਕਿਆਂ ਦਾ ਇਸਤੇਮਾਲ ਕਰਨ ਲਈ ਅਜਿਹੇ ਇੱਕ ਬੈਲਟ ਦੀ ਬੇਨਤੀ ਕਰਨ ਦੀ ਪ੍ਰਕਿਰਿਆ ਪ੍ਰਦਾਨ ਕਰੇਗਾ, ਜੋ ਕਿ ਹੇਠ ਲਿਖੇ ਤੋਂ ਇਲਾਵਾ ਹੈ:

1) ਸਥਾਨਕ ਟੈਲੀਵਿਜ਼ਨ (ਸਟੇਸ਼ਨਾਂ ਦਾ ਫ਼ੈਸਲਾ ਕੀਤਾ ਜਾਣਾ ਹੈ)*
2) ਅਖ਼ਬਾਰਾਂ (ਮੈਡੇਰਾ ਕਾਊਂਟੀ ਵਿੱਚ ਆਮ ਪ੍ਰਸਾਰਣ ਦੇ ਮੁਖੀ ਅਖਬਾਰ: ਮੈਡੇਰਾ ਟ੍ਰਿਬਿਊਨ, ਸਿਏਰਾ ਸਟਾਰ, ਚੌਚਿਲਾ ਨਿਊਜ਼)
3) ਰੇਡੀਓ (ਸਟੇਸ਼ਨਾਂ ਦਾ ਫ਼ੈਸਲਾ ਕੀਤਾ ਜਾਣਾ ਹੈ)*
4) ਸੋਸ਼ਲ ਮੀਡੀਆ ਅਤੇ ਵਿਭਾਗ ਵੈੱਬਸਾਈਟ (@MaderaElections, @MaderaCounty)
5) ਕਮਿਊਨਿਟੀ ਭਾਈਵਾਲਾਂ, ਅਪੰਗਤਾ ਐਡਵੋਕੇਟ ਸੰਸਥਾਵਾਂ, ਚੁਣੇ ਹੋਏ ਅਹੁਦੇਦਾਰਾਂ, ਵਿਸ਼ੇਸ਼ ਜਿਲਿਆਂ, ਸਕੂਲੀ ਜਿਲ੍ਹਿਆਂ, ਭਾਈਚਾਰੇ ਅਧਾਰਤ ਸੰਗਠਨਾਂ, ਵਿਸ਼ਵਾਸ ਆਧਾਰਿਤ ਸੰਗਠਨਾਂ ਅਤੇ ਜਨਤਕ ਸੂਚਨਾ ਅਫਸਰਾਂ ਵਰਗੇ ਸਮੂਹਾਂ ਤੱਕ ਪਹੁੰਚ। ਗਰੁੱਪ / ਸੰਸਥਾਵਾਂ / ਏਜੰਸੀਆਂ ਦੀ ਇੱਕ ਸੂਚੀ ਜਿਹਨਾਂ ਨੂੰ ਰਜਿਸਟਰਾਰ ਦੇ ਦਫਤਰ ਵਲੋਂ ਪਹਿਲਾਂ ਹੀ ਸੰਪਰਕ ਕੀਤਾ ਜਾ ਚੁੱਕਿਆ ਹੋਵੇ ਅਤੇ ਪਾਰਟਰ ਬਣਾਇਆ ਹੋਵੇ ਜਾਂ ਇਸ ਲਈ ਸ਼ੇਡਊਲ ਕੀਤਾ ਹੋਵੇ, ਜਿਸਨੂੰ ਅੰਤਿਕਾ G ਵਿੱਚ ਦੇਖਿਆ ਜਾ ਸਕੇ।
6) ਮੀਡੀਆ ਉਪਲਬਧਤਾ ਸੈਸ਼ਨ
7) ਕਾਉਂਟੀ ਵਿਭਾਗ (ਜਿਵੇਂ ਕਿ ਸਿਹਤ ਅਤੇ ਮਨੁੱਖੀ ਸੇਵਾਵਾਂ, ਮਨੁੱਖੀ ਸਹਾਇਤਾ, ਅਨੁਭਵ ਸੇਵਾਵਾਂ)
8) ਜਨਤਕ ਸੇਵਾ ਘੋਸ਼ਣਾਵਾਂ, ਕਾਊਂਟੀ ਦੀ ਸੇਵਾ ਕਰਨ ਵਾਲੇ ਸਾਰੇ ਆਊਟਲੇਟਾਂ ਨੂੰ ਵੱਡੇ ਪੱਧਰ ਤੇ ਵੰਡਿਆ ਜਾਂਦਾ ਹੈ

***ਮੈਡੇਰਾ ਕਾਉਂਟੀ ਵਿੱਚ ਸਥਾਨਕ ਟੈਲੀਵਿਜ਼ਨ /ਰੇਡੀਓ ਸਟੇਸ਼ਨ ਨਹੀਂ ਹਨ ਜੋ ਮੁੱਖ ਤੌਰ ਤੇ ਮੈਡੇਰਾ ਕਾਉਂਟੀ ਦੇ ਨਿਵਾਸੀਆਂ ਦੀ ਸੇਵਾ ਕਰਦੇ ਹਨ। ਇਸ ਦੀ ਬਜਾਏ, ਮੈਡੇਰਾ ਕਾਉਂਟੀ ਦੇ ਨਿਵਾਸੀਆਂ ਨੂੰ ਖੇਤਰੀ ਟੈਲੀਵਿਜ਼ਨ /ਰੇਡੀਓ ਸਟੇਸ਼ਨ ਦੁਆਰਾ ਸੇਵਾ ਦਿੱਤੀ ਜਾਂਦੀ ਹੈ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਫ੍ਰੇਸਨੋ, ਸੀਏ ਵਿਚ ਸਥਿਤ ਹਨ ਅਤੇ ਜ਼ਿਆਦਾ ਕੇਂਦਰੀ ਘਾਟੀ ਖੇਤਰ ਦੀ ਸੇਵਾ ਕਰਦੇ ਹਨ। ਮੈਡੇਰਾ ਕਾਊਂਟੀ ਖੇਤਰੀ ਟੈਲੀਵਿਜ਼ਨ /ਰੇਡੀਓ ਸਟੇਸ਼ਨਾਂ ਤੱਕ ਪਹੁੰਚ ਕਰੇਗਾ ਹਾਲਾਂਕਿ ਖੇਤਰੀ ਮੀਡੀਆ ਦੀ ਕਿਸੇ ਵੀ ਉਪਯੋਗਤਾ ਨੂੰ ਧਿਆਨ ਵਿੱਚ ਰੱਖਣਾ ਵਿੱਚ ਰੱਖਣਾ ਚਾਹਿਦਾ ਹੈ ਕਿ ਜ਼ਿਆਦਾਤਰ ਦਰਸ਼ਕ ਉਨ੍ਹਾਂ ਕਾਊਂਟੀਆਂ ਤੋਂ ਹੋਣਗੇ ਜਿਨ੍ਹਾਂ ਵਿੱਚ ਵੋਟਰਜ਼ ਚੁਆਇਸ ਐਕਟ ਲਾਗੂ ਨਹੀਂ ਹੈ। ਵੋਟਰਾਂ ਨੂੰ ਉਲਝਣ ਤੋਂ ਬਚਾਉਣ ਲਈ ਹਰ ਕੋਸ਼ਿਸ਼ ਕੀਤੀ ਜਾਵੇਗੀ***
***ਇਸ ਹੱਦਬੰਦੀ ਨੂੰ ਘਟਾਉਣ ਲਈ, ਮੈਡੇਰਾ ਕਾਊਂਟੀ ਦੇ ਰਜਿਸਟਰਾਰ ਦੇ ਦਫ਼ਤਰ ਨੇ ਵੋਟਰਾਂ ਨੂੰ ਸਿੱਖਿਆ ਦੇਣ ਲਈ ਇੰਟੇਂਨਸ ਗ੍ਰਾਸ ਰੂਟਸ ਦੀ ਸ਼ੁਰੂਆਤ ਕੀਤੀ ਹੈ, ਜਿਹਨਾਂ ਦਾ ਸਾਡੇ*** VAAC, LAAC ***ਅਤੇ ਕਮਿਊਨਿਟੀ ਚੋਣਾਂ ਦੇ ਵਰਕਿੰਗ ਗਰੁੱਪ ਦੀਆਂ ਮੀਟਿੰਗਾਂ ਵਿਚ ਸਟੇਕਹੋਲਡਰਾਂ ਵਲੋਂ ਨੇ ਸੁਝਾਅ ਦਿੱਤਾ ਗਿਆ ਸੀ। ਸਟੇਕਹੋਲਡਰਾਂ ਨੇ ਇਹ ਸੰਕੇਤ ਦਿੱਤਾ ਹੈ ਆਪਣੇ ਭਾਈਚਾਰਿਆਂ ਵਿੱਚ ਜਿਹਨਾਂ ਵੋਟਰਾਂ ਦੇ ਪਹਿਲਾਂ ਹੀ ਰਿਸ਼ਤੇ ਕਾਇਮ ਹਨ ਉਹਨਾਂ ਵਲੋਂ ਲੋਕਲ ਸੰਸਥਾਵਾਂ,***

*ਸਮੂਹਾਂ ਅਤੇ ਏਜੰਸੀਆਂ ਦੁਆਰਾ ਕੀਤੇ ਗਏ ਆਊਟਰੀਚ ਦੇ ਯਤਨਾਂ ਦਾ ਜਵਾਬ ਦੇਣ ਦੀ ਜਿਆਦਾਤਰ ਸੰਭਾਵਨਾਵਾਂ ਹਨ। ਇਸ ਅਨੁਸਾਰ, ਰਜਿਸਟਰਾਰ ਦੇ ਦਫ਼ਤਰ ਕਮਿਊਨਿਟੀ ਭਾਈਵਾਲਾਂ ਦੇ ਨਾਲ 30 ਪਰੇਜ਼ੇਟੇਂਸ਼ਨ ਦੇਣ ਦੀ ਯੋਜਨਾ ਬਣਾਉਂਦਾ ਹੈ। ਪਰੇਜ਼ੇਟੇਂਸ਼ਨ ਜਾਂ ਨਿਰਧਾਰਤ ਪਰੇਜ਼ੇਟੇਂਸ਼ਨ ਦੀ ਸੂਚੀ ਅੰਤਿਕਾ G ਵਿਚ ਦੇਖੀ ਜਾ ਸਕਦੀ ਹੈ। ਰਜਿਸਟਰਾਰ ਦੀ ਵੈੱਬਸਾਈਟ 'ਤੇ ਵੀ ਇਹੋ ਜਿਹੀ ਸੂਚੀ ਹੋਵੇਗੀ ਜੋ ਕਿ ਨਿਯਮਤ ਤੌਰ ਤੇ ਅਪਡੇਟ ਕੀਤੀ ਜਾਵੇਗੀ, ਦਿਲਚਸਪੀ ਰੱਖਣ ਵਾਲੀ ਧਿਰਾਂ ਇਹ ਚੁਣ ਸਕਦੇ ਹਨ ਕਿ ਉਹ ਕਦੋਂ ਅਤੇ ਕਿਥੇ ਭਾਗੀਦਾਰੀ ਲੈਣਾ ਚਾਹੁੰਦੇ ਹਨ।*

ਪ੍ਰਦਾਨ ਕੀਤੀ ਜਾਣ ਵਾਲੀ ਜਾਣਕਾਰੀ ਵਿੱਚ ਕਿਸੇ ਵੀ ਵੋਟ ਕੇਂਦਰ ਤੇ ਇੱਕ ਅਸਾਨ ਵੋਟਿੰਗ ਉਪਕਰਣ ਦੀ ਵਰਤੋਂ ਕਰਨ ਦਾ ਵਿਕਲਪ ਅਤੇ ਡਿਵਾਈਸ ਦੀ ਵਰਤੋਂ ਕਿਵੇਂ ਕਰਨੀ ਹੈ; ਅਤੇ, ਕਾਉਂਟੀ ਦੇ ਰਿਮੋਟ ਐਕਸੈਸਿਬਲ ਵੋਟ-ਬਾਈ-ਮੇਲ (RAVBM) ਪ੍ਰੋਗਰਾਮ ਰਾਹੀਂ ਬੇਨਤੀ ਕਰਨ, ਮਾਰਕ ਕਰਨ ਅਤੇ ਇੱਕ ਪਹੁੰਚ ਯੋਗ ਬੈਲਟ ਜਮ੍ਹਾਂ ਕਰਨ ਦਾ ਤਰੀਕਾ ਸ਼ਾਮਿਲ ਹੋਵੇਗਾ।

1-B ਵੋਟਰਜ਼ ਚੁਆਇਸ ਐਕਟ ਤੇ ਵੋਟਰਾਂ ਨੂੰ ਸਿੱਖਿਆ ਦੇਣ ਲਈ ਭਾਈਚਾਰੇ ਦੀ ਮੌਜੂਦਗੀ
*§4005(a)(10) (I)(i)(III)*

MCROV ਦੇ ਭਾਈਚਾਰੇ ਦੀ ਮੌਜੂਦਗੀ ਵੋਟ ਕੇਂਦਰ ਦੇ ਮਾਡਲ ਦੀ ਜਾਣਕਾਰੀ ਸਿੱਧੇ ਤੌਰ 'ਤੇ ਵੋਟਰਾਂ ਅਤੇ ਵੱਖ ਵੱਖ ਪ੍ਰੋਗਰਾਮਾਂ ਦੇ ਹਾਜ਼ਰੀਨਾਂ ਨੂੰ ਪ੍ਰਦਾਨ ਕਰੇਗੀ। MCROV ਦਾ ਟੀਚਾ ਸਾਡੇ ਵੋਟਰਾਂ ਨੂੰ ਸਿੱਖਿਆ ਦੇਣ ਦੇ ਮੌਕਿਆਂ ਦੀ ਪਛਾਣ ਕਰਨ, ਵੋਟਿੰਗ ਸਾਜ਼ੋ-ਸਾਮਾਨ ਦੇ ਪ੍ਰਦਰਸ਼ਨ ਪੇਸ਼ ਕਰਨ, ਅਤੇ ਇੱਕ ਪਹੁੰਚਯੋਗ ਬੈਲਟ ਦੀ ਬੇਨਤੀ ਕਰਨ ਅਤੇ ਪ੍ਰਾਪਤ ਕਰਨ ਲਈ, ਸਾਡੇ ਭਾਈਚਾਰੇ ਦੇ ਭਾਈਵਾਲਾਂ, ਅਤੇ LAAC ਅਤੇ VAAC ਨਾਲ ਤਾਲਮੇਲ ਕਰਨਾ ਹੈ। ਕਿਵੇਂ ਮੌਕੇ ਦੀ ਪਛਾਣ ਕਰਨ। MCROV ਕਾਉਂਟੀ ਦੇ ਸਾਰੇ ਖੇਤਰਾਂ ਤੱਕ ਪਹੁੰਚਣ ਲਈ ਹਰ ਯਤਨ ਕਰੇਗਾ। ਵੋਟਰਾਂ ਕੋਲ ਵੋਟ ਕੇਂਦਰ ਮਾਡਲ ਅਤੇ ਉਹਨਾਂ ਦੇ ਵੋਟਿੰਗ ਵਿਕਲਪਾਂ ਬਾਰੇ ਸਿੱਖਣ ਦੇ ਬਹੁਤ ਸਾਰੇ ਮੌਕੇ ਹੋਣਗੇ, ਜਿਨ੍ਹਾਂ ਵਿੱਚ ਹੇਠਾਂ ਦਿੱਤੇ, ਪਰ ਇਹਨਾਂ ਤੱਕ ਸੀਮਤ ਨਹੀਂ ਹੈ, ਸ਼ਾਮਲ ਹੋਣਗੇ:

1) ਵਿਭਾਗ ਦੇ VAAC ਅਤੇ LAAC
    a. ਬੈਠਕਾਂ ਵਿੱਚ ਵੋਟਿੰਗ ਪ੍ਰਣਾਲੀ ਦੇ ਪ੍ਰਦਰਸ਼ਨ ਅਤੇ ਜਾਣਕਾਰੀ ਵਾਲੇ ਅੱਪਡੇਟ ਸ਼ਾਮਲ ਹੁੰਦੇ ਹਨ
    b. VAAC ਅਤੇ LAAC ਦੇ ਮੈਂਬਰਾਂ ਦੇ ਨਾਲ ਸਮਗਰੀ ਦਾ ਵਿਕਾਸ, ਅਤੇ ਉਨ੍ਹਾਂ ਦੇ ਭਾਈਚਾਰੇ ਵਿੱਚ ਵੰਡਣ ਲਈ ਪੇਸ਼ ਕੀਤਾ

2) ਵੱਖ-ਵੱਖ ਦਰਸ਼ਕਾਂ ਨੂੰ ਪੇਸ਼ਕਾਰੀਆਂ
    a. ਗੁਆਂਡੀ ਐਸੋਸੀਏਸ਼ਨਾਂ
    b. ਕਾਉਂਟੀ ਬੋਰਡ ਆਫ਼ ਸੁਪਰੀਵਾਇਜ਼ਰਸ
    c. ਸਿਟੀ ਅਪਾਹਜਤਾ ਸਲਾਹਕਾਰ ਕਮੇਟੀ
    d. ਸਿਟੀ ਕੌਂਸਲਾਂ ਅਤੇ ਸਿਟੀ ਕਲਰਕ
    e. ਚੁਣੇ ਹੋਏ ਆਫੀਸ਼ੀਅਲਾਂ ਦਾ ਟਾਊਨ ਹਾਲ
    f. ਸਕੂਲ ਜਿਲਾ ਬੋਰਡ
    g. ਵਿਸ਼ੇਸ਼ ਜ਼ਿਲ੍ਹੇ ਬੋਰਡ
    h. ਕਾਊਂਟੀ ਕੇਂਦਰੀ ਕਮੇਟੀਆਂ ਅਤੇ ਰਾਜਨੀਤਕ ਕਮੇਟੀਆਂ
    i. ਵਿਸ਼ਵਾਸ ਅਧਾਰਿਤ ਭਾਈਚਾਰੇ

j. ਭਾਸ਼ਾਈ ਭਾਈਚਾਰੇ

k. ਪਰਉਪਕਾਰੀ ਸੰਸਥਾਵਾਂ (ਜਿਵੇਂ ਕਿ ਸੋਰੋਪਿਸਟਮਿਸਟ, ਰੋਟਰੀ, ਕੀਵਿਨਿਸ,)

l. ਮੈਡੇਰਾ ਕਾਉਂਟੀ ਜਨਤਕ ਲਾਇਬਰੇਰੀਆਂ

ਪਿਛਲੇ ਅਤੇ ਅਨੁਸੂਚਿਤ ਸਮਾਗਮਾਂ ਦੀ ਇੱਕ ਸੂਚੀ ਜਿੱਥੇ ਵੋਟਰ ਚੋਣ ਐਕਟ ਦੀ ਜਾਣਕਾਰੀ ਜਨਤਕ ਤੌਰ ਤੇ ਸਾਂਝੀ ਕੀਤੀ ਜਾਏਗੀ ਉਹ ਅੰਤਿਕਾ G ਵਿੱਚ ਦੇਖੀ ਜਾ ਸਕਦੀ ਹੈ।

1-C ਵੋਟਰ ਸਿੱਖਿਆ ਅਤੇ ਪਹੁੰਚ ਲਈ ਸਰੋਤਾਂ ਦੀ ਵਰਤੋਂ।

*§4005(a)(10) (I)(i)(VII)*

ਵੋਟਰ ਨੂੰ ਵੋਟ ਕੇਂਦਰ ਦੇ ਮਾਡਲ ਵੋਟਿੰਗ ਪ੍ਰਕਿਰਿਆ ਬਾਰੇ ਸੂਚਿਤ ਕੀਤਾ ਜਾਂਦਾ ਹੈ, ਇਹ ਯਕੀਨੀ ਬਣਾਉਣ ਲਈ MCROV ਲੋੜੀਂਦੇ ਸਰੋਤਾਂ ਨੂੰ ਖਰਚੇਗਾ। ਪਿਛਲੇ ਸਾਲਾਂ ਤੋਂ ਸਿੱਖਿਆ ਅਤੇ ਪਹੁੰਚ ਬਜਟ ਦੀ ਤੁਲਨਾ ਦੇ ਨਾਲ ਜੂਨ 2018 ਦੀਆਂ ਚੋਣਾਂ ਲਈ ਬਜਟ ਦੀ ਜਾਣਕਾਰੀ ਅੰਤਿਕਾ E ਵਿਚ ਦਿਖਾਈ ਗਈ ਹੈ।

1-D ਵੋਟਰਾਂ ਨਾਲ ਸਿੱਧਾ ਸੰਪਰਕ ਜੋ ਆਉਣ ਵਾਲਿਆਂ ਚੋਣਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ ਅਤੇ ਟੋਲ ਫਰੀ ਵੋਟਰ ਸਹਾਇਤਾ ਹਾੱਟਲਾਈਨ ਦਾ ਪ੍ਰਚਾਰ ਕਰਨਾ

*§4005(a)(10) (I)(i)(X)*

MCROV ਆਉਣ ਵਾਲੇ ਚੋਣਾਂ ਬਾਰੇ ਜਾਣਕਾਰੀ ਮੁਹੱਈਆ ਕਰਨ ਲਈ ਅਤੇ MCROV ਦੀ ਟੋਲ-ਫ੍ਰੀ ਸਹਾਇਤਾ ਹੋਟਲਾਈਨ ਦੀ ਉਪਲਬਧਤਾ ਲਈ ਹਰੇਕ ਮੈਡੇਰਾ ਕਾਉਂਟੀ ਦੇ ਹਰ ਰਜਿਸਟਰਡ ਵੋਟਰ ਨੂੰ ਘੱਟੋ-ਘੱਟ 2 ਵਾਰ, ਮੇਲ ਰਾਹੀਂ ਸੰਪਰਕ ਕਰੇਗਾ। ਟੂ ਡਾਰੇਕਟ ਕਾਨਟੇਕਟ ਵਿੱਚ ਬੈਲਟ ਚੋਣ, ਬੈਲਟ ਡ੍ਰੌਪ ਆਫ ਸਥਾਨ, ਤਾਰੀਖਾਂ ਅਤੇ ਉਪਲੱਬਧਤਾ ਦੇ ਘੰਟੇ, ਵੋਟ ਸੈਂਟਰ ਦੀਆਂ ਥਾਂਵਾਂ, ਤਾਰੀਖਾਂ ਅਤੇ ਉਪਲੱਬਧਤਾ ਦੇ ਘੰਟੇ, ਰਿਮੋਟ ਅਸੈਂਸਿਬਲ ਵੋਟ ਬਾਈ ਮੇਲ ਸਿਸਟਮ ਦੀ ਜਾਣਕਾਰੀ ਦੀ ਉਪਲੱਬਧਤਾ ਅਤੇ ਆਗਾਮੀ ਚੋਣ ਬਾਰੇ ਅਤਿਰਿਕਤ ਜਾਣਕਾਰੀ ਸ਼ਾਮਲ ਹੋਵੇਗੀ।

1-E ਇੱਕ ਵਿਕਲਪਿਕ ਭਾਸ਼ਾ ਵਿੱਚ ਸਮੱਗਰੀ ਦੀ ਬੇਨਤੀ ਕਰਨ ਜਾਂ ਇੱਕ ਪਹੁੰਚਯੋਗ ਫਾਰਮੈਟ ***VBM*** ਲਈ ਪੋਸਟੇਜ-ਪੇਡ ਪੋਸਟਕਾਰਡ

*§4005(a)(8)(B)(iii)*

ਸਾਰੇ ਰਜਿਸਟਰਡ ਵੋਟਰਾਂ ਨੂੰ ਅੰਗਰੇਜ਼ੀ ਤੋਂ ਇਲਾਵਾ ਦੂਜੀਆਂ ਭਾਸ਼ਾਵਾਂ ਵਿਚ ਸਮੱਗਰੀ ਦੀ ਬੇਨਤੀ ਕਰਨ ਲਈ ਅਤੇ ਇਕ ਬਦਲਵੇਂ ਰੂਪ ਵਿਚ VBM ਬੈਲਟ ਦੀ ਬੇਨਤੀ ਕਰਨ ਲਈ ਉਹਨਾਂ ਨੂੰ ਦੋਭਾਸ਼ਾਈ ਕਾਉਂਟੀ ਵੋਟਰ ਜਾਣਕਾਰੀ ਗਾਈਡ ਦੇ ਨਾਲ ਇੱਕ ਪੋਸਟੇਜ-ਪੇਡ ਪੋਸਟਕਾਰਡ ਪ੍ਰਾਪਤ ਹੋਵੇਗਾ। ਗਾਈਡ ਅਤੇ ਪੋਸਟਕਾਰਡ ਨੂੰ ਭਰਨ ਅਤੇ ਵਾਪਸ ਕਰਨ ਲਈ MCROV ਵੈਬਸਾਈਟ ਤੇ ਨਿਰਦੇਸ਼ਾਂ ਨੂੰ ਸ਼ਾਮਲ ਕੀਤਾ ਜਾਵੇਗਾ।

MCROV ਦੀ ਵੈਬਸਾਈਟ (www.votemadera.com) ਵਿੱਚ ਇੱਕ ਪੇਜ਼ ਵੋਟਰਜ਼ ਚੋਇਸ ਐਕਟ ਬਾਰੇ ਜਾਣਕਾਰੀ ਲਈ ਪ੍ਰਦਾਨ ਕੀਤਾ ਗਿਆ ਹੈ। ਇਹ ਜਾਣਕਾਰੀ ਆਸਾਨੀ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ (ਜਦੋਂ ਸੰਭਵ ਹੋਵੇ) ਅਤੇ ਜਨਤਕ ਤੌਰ ਤੇ ਉਪਲਬਧ ਹੈ। ਇਸ ਵਿੱਚ ਚੋਣ ਪ੍ਰਸ਼ਾਸ਼ਨ ਯੋਜਨਾ ਅਤੇ ਵੋਟਰਜ਼ ਚੋਇਸ ਐਕਟ ਨਾਲ ਸਬੰਧਤ ਹੋਰ ਜਾਣਕਾਰੀ ਸ਼ਾਮਲ ਹੈ, ਜਿਸ ਵਿੱਚ ਅਨੁਸੂਚਿਤ ਜਨਤਕ ਪ੍ਰੇਜ਼ੇਂਟੇਸ਼ਨ, ਵਿਕਸਤ ਇਨਫੋਗ੍ਰਾਫਿਕ, ਜਨਤਕ ਨੋਟਿਸ, ਜਨਤਾ ਨੂੰ ਸਿੱਖਿਅਤ ਕਰਨ ਕੋਲੇਟਰਲ ਦੇ ਡਿਜਿਟਲ ਵਰਜ਼ਨ ਅਤੇ LAAC/VAAC ਏਜੰਡ, ਮਿੰਟਾਂ ਅਤੇ ਜਾਣਕਾਰੀ ਸ਼ਾਮਲ ਹਨ। ਵੋਟ ਸੈਂਟਰਾਂ 'ਤੇ ਕੰਮ ਕਰਨ ਸਮੇਤ ਵੋਟ ਪਾਉਣ ਲਈ ਰਜਿਸਟਰ ਕਰਨ ਅਤੇ ਚੋਣ ਪ੍ਰਕਿਰਿਆ ਵਿਚ ਸ਼ਾਮਲ ਹੋਣ ਬਾਰੇ ਜਾਣਕਾਰੀ ਵੀ ਵੈਬਸਾਈਟ ਵਿੱਚ ਦਿਤੀ ਗਈ ਹੈ। ਵੈਬਸਾਈਟ ਤੇ ਦਿਤੀ ਗਈ ਅਤਿਰਿਕਤ ਜਾਣਕਾਰੀ ਨੂੰ ਇਸ ਯੋਜਨਾ ਦੇ ਢੁਕਵੇਂ ਭਾਗਾਂ ਵਿੱਚ ਮੁਖਾਤਿਬ ਕੀਤਾ ਗਿਆ ਹੈ।

<u>ਭਾਸ਼ਾ ਘੱਟ ਗਿਣਤੀ ਭਾਈਚਾਰਿਆਂ ਨਾਲ ਸਿੱਖਿਆ ਅਤੇ ਪਹੁੰਚ</u>

*§4005(a)(10) (I)(i)(I)*

MCROV ਨੇ ਸਤੰਬਰ 2017 ਵਿੱਚ ਇੱਕ ਲੈਂਗਵੇਜ ਐਕਸੈਸੀਬਿਲਿਟੀ ਐਡਵਾਈਜ਼ਰੀ ਕਮੇਟੀ (LAAC) ਦੀ ਸਥਾਪਨਾ ਕੀਤੀ ਅਤੇ ਗੈਰ-ਅੰਗਰੇਜ਼ੀ ਤਰਜੀਹ ਵੋਟਰਾਂ ਦੁਆਰਾ ਚੋਣ ਪ੍ਰਕਿਰਿਆ ਤੱਕ ਪਹੁੰਚ ਕਰਨ ਸੰਬੰਧੀ ਫੈਡਰਲ ਅਤੇ ਰਾਜ ਦੇ ਕਾਨੂੰਨਾਂ ਨੂੰ ਲਾਗੂ ਕਰਨ ਅਤੇ ਸਲਾਹ ਦੇਣ ਲਈ ਸਹਾਇਤਾ ਕੀਤੀ। LAAC ਵਿੱਚ ਸਥਾਨਕ ਨਿਵਾਸੀ ਸ਼ਾਮਲ ਹਨ ਜੋ ਕਾਊਂਟੀ ਦੇ ਘੱਟ ਗਿਣਤੀ ਭਾਸ਼ਾ ਦੇ ਭਾਈਚਾਰੇ ਦੀ ਤਰਫੋਂ ਵਕਾਲਤ ਕਰਦੇ ਹਨ।

*1-F* ਆਗਾਮੀ ਚੋਣ ਦੇ ਵੋਟਰਾਂ ਨੂੰ ਸੂਚਿਤ ਕਰਨਾ ਅਤੇ ਘੱਟ ਗਿਣਤੀ ਭਾਈਚਾਰਿਆਂ ਨੂੰ ਸੇਵਾ ਪ੍ਰਦਾਨ ਕਰਨ ਵਾਲੀ ਮੀਡਿਆ ਦੇ ਨਾਲ, ਵੋਟਰ ਦੀ ਸਹਾਇਤਾ ਲਈ ਹੌਟਲਾਈਨ ਨੂੰ ਪ੍ਰਫੁੱਲਤ ਕਰਨਾ

*§4005(a)(10) (I)(i)(I)*

ਵੋਟ ਕੇਂਦਰ ਮਾਡਲ, ਵੋਟਿੰਗ ਵਿਕਲਪਾਂ, ਅਤੇ ਸਹਾਇਤਾ ਲਈ ਟੋਲ-ਫ੍ਰੀ ਪਹੁੰਚ ਹੋਟਲਾਈਨ ਬਾਰੇ ਜਾਣਕਾਰੀ ਸਮੇਤ ਘੱਟ-ਗਿਣਤੀ ਭਾਈਚਾਰਿਆਂ ਨਾਲ ਜਾਣਕਾਰੀ ਸਾਂਝੀ ਕਰਨ ਵਿੱਚ ਇਨ੍ਹਾਂ ਨੂੰ ਸ਼ਾਮਲ ਕੀਤਾ ਜਾਵੇਗਾ:

1) ਸਥਾਨਕ ਟੈਲੀਵਿਜ਼ਨ (ਸਟੇਸ਼ਨਾਂ ਦਾ ਫ਼ੈਸਲਾ ਕੀਤਾ ਜਾਣਾ ਹੈ)*
2) ਅਖ਼ਬਾਰਾਂ (ਮੈਡੇਰਾ ਕਾਊਂਟੀ ਵਿੱਚ ਆਮ ਪ੍ਰਸਾਰਣ ਦੇ ਮੁਖੀ ਅਖਬਾਰ: ਮੈਡੇਰਾ ਟ੍ਰਿਬਿਊਨ, ਸਿਏਰਾ ਸਟਾਰ, ਚੌਚਿਲਾ ਨਿਊਜ਼)
3) ਰੇਡੀਓ (ਸਟੇਸ਼ਨਾਂ ਦਾ ਫ਼ੈਸਲਾ ਕੀਤਾ ਜਾਣਾ ਹੈ)*
4) ਸੋਸ਼ਲ ਮੀਡੀਆ ਅਤੇ ਵਿਭਾਗ ਵੈੱਬਸਾਈਟ (@MaderaElections, @MaderaCounty)
5) ਕਮਿਊਨਿਟੀ ਭਾਈਵਾਲਾਂ, ਅਪੰਗਤਾ ਐਡਵੋਕੇਟ ਸੰਸਥਾਵਾਂ, ਚੁਣੇ ਹੋਏ ਅਹੁਦੇਦਾਰਾਂ, ਵਿਸ਼ੇਸ਼ ਜਿਲਿਆਂ, ਸਕੂਲੀ ਜਿਲ੍ਹਿਆਂ, ਭਾਈਚਾਰੇ ਅਧਾਰਤ ਸੰਗਠਨਾਂ, ਵਿਸ਼ਵਾਸ ਆਧਾਰਿਤ ਸੰਗਠਨਾਂ ਅਤੇ ਜਨਤਕ ਸੂਚਨਾ ਅਫਸਰਾਂ ਵਰਗੇ ਸਮੂਹਾਂ ਤੱਕ ਪਹੁੰਚ

6) ਮੀਡੀਆ ਉਪਲਬਧਤਾ ਸੈਸ਼ਨ
7) ਜਨਤਕ ਸੇਵਾ ਘੋਸ਼ਣਾਵਾਂ, ਕਾਊਂਟੀ ਦੀ ਸੇਵਾ ਕਰਨ ਵਾਲੇ ਸਾਰੇ ਆਊਟਲੇਟਾਂ ਨੂੰ ਵੱਡੇ ਪੱਧਰ ਤੇ ਵੰਡਿਆ ਜਾਂਦਾ ਹੈ
8) ਕਾਉਂਟੀ ਵਿਭਾਗ (ਜਿਵੇਂ ਕਿ ਸਿਹਤ ਅਤੇ ਮਨੁੱਖੀ ਸੇਵਾਵਾਂ, ਮਨੁੱਖੀ ਸਹਾਇਤਾ, ਅਨੁਭਵ ਸੇਵਾਵਾਂ, ਪੜਤਾਲ, ਅਤੇ ਬਾਲ ਸਹਾਇਤਾ ਸੇਵਾਵਾਂ)

** ਮੈਡੇਰਾ ਕਾਉਂਟੀ ਵਿੱਚ ਸਥਾਨਕ ਟੈਲੀਵਿਜ਼ਨ /ਰੇਡੀਓ ਸਟੇਸ਼ਨ ਨਹੀਂ ਹਨ ਜੋ ਮੁੱਖ ਤੌਰ ਤੇ ਮੈਡੇਰਾ ਕਾਉਂਟੀ ਦੇ ਨਿਵਾਸੀਆਂ ਦੀ ਸੇਵਾ ਕਰਦੇ ਹਨ। ਇਸ ਦੀ ਬਜਾਏ, ਮੈਡੇਰਾ ਕਾਉਂਟੀ ਦੇ ਨਿਵਾਸੀਆਂ ਨੂੰ ਖੇਤਰੀ ਟੈਲੀਵਿਜ਼ਨ / ਰੇਡੀਓ ਸਟੇਸ਼ਨ ਦੁਆਰਾ ਸੇਵਾ ਦਿੱਤੀ ਜਾਂਦੀ ਹੈ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਫ੍ਰੇਸਨੋ, ਸੀਏ ਵਿਚ ਸਥਿਤ ਹਨ ਅਤੇ ਜ਼ਿਆਦਾ ਕੇਂਦਰੀ ਘਾਟੀ ਖੇਤਰ ਦੀ ਸੇਵਾ ਕਰਦੇ ਹਨ। ਮੈਡੇਰਾ ਕਾਊਂਟੀ ਖੇਤਰੀ ਟੈਲੀਵਿਜ਼ਨ /ਰੇਡੀਓ ਸਟੇਸ਼ਨਾਂ ਤੱਕ ਪਹੁੰਚ ਕਰੇਗਾ ਹਾਲਾਂਕਿ ਖੇਤਰੀ ਮੀਡੀਆ ਦੀ ਕਿਸੇ ਵੀ ਉਪਯੋਗਤਾ ਨੂੰ ਧਿਆਨ ਵਿੱਚ ਰੱਖਣਾ ਵਿੱਚ ਰੱਖਣਾ ਚਾਹਿਦਾ ਹੈ ਕਿ ਜ਼ਿਆਦਾਤਰ ਦਰਸ਼ਕ ਉਨ੍ਹਾਂ ਕਾਊਂਟੀਆਂ ਤੋਂ ਹੋਣਗੇ ਜਿਨ੍ਹਾਂ ਵਿੱਚ ਵੋਟਰਜ਼ ਚੁਆਇਸ ਐਕਟ ਲਾਗੂ ਨਹੀਂ ਹੈ। ਵੋਟਰਾਂ ਨੂੰ ਉਲਝਣ ਤੋਂ ਬਚਾਉਣ ਲਈ ਹਰ ਕੋਸ਼ਿਸ਼ ਕੀਤੀ ਜਾਵੇਗੀ।*

*ਇਸ ਹੱਦਬੰਦੀ ਨੂੰ ਘਟਾਉਣ ਲਈ, ਮੈਡੇਰਾ ਕਾਉਂਟੀ ਦੇ ਰਜਿਸਟਰਾਰ ਦੇ ਦਫ਼ਤਰ ਨੇ ਵੋਟਰਾਂ ਨੂੰ ਸਿੱਖਿਆ ਦੇਣ ਲਈ ਇੰਟੇਂਸ ਗ੍ਰਾਸ ਰੂਟਸ ਦੀ ਸ਼ੁਰੂਆਤ ਕੀਤੀ ਹੈ, ਜਿਹਨਾਂ ਦਾ ਸਾਡੇ VAAC, LAAC ਅਤੇ ਕਮਿਊਨਿਟੀ ਚੋਣਾਂ ਦੇ ਵਰਕਿੰਗ ਗਰੁੱਪ ਦੀਆਂ ਮੀਟਿੰਗਾਂ ਵਿਚ ਸਟੇਕਹੋਲਡਰਾਂ ਵਲੋਂ ਨੇ ਸੁਝਾਅ ਦਿੱਤਾ ਗਿਆ ਸੀ। ਸਟੇਕਹੋਲਡਰਾਂ ਨੇ ਇਹ ਸੰਕੇਤ ਦਿੱਤਾ ਹੈ ਆਪਣੇ ਭਾਈਚਾਰਿਆਂ ਵਿੱਚ ਜਿਹਨਾਂ ਵੋਟਰਾਂ ਦੇ ਪਹਿਲਾਂ ਹੀ ਰਿਸ਼ਤੇ ਕਾਇਮ ਹਨ ਉਹਨਾਂ ਵਲੋਂ ਲੋਕਲ ਸੰਸਥਾਵਾਂ, ਸਮੂਹਾਂ ਅਤੇ ਏਜੰਸੀਆਂ ਦੁਆਰਾ ਕੀਤੇ ਗਏ ਆਊਟਰੀਚ ਦੇ ਯਤਨਾਂ ਦਾ ਜਵਾਬ ਦੇਣ ਦੀ ਜਿਆਦਾਤਰ ਸੰਭਾਵਨਾਵਾਂ ਹਨ। ਇਸ ਅਨੁਸਾਰ, ਰਜਿਸਟਰਾਰ ਦੇ ਦਫ਼ਤਰ ਕਮਿਊਨਿਟੀ ਭਾਈਵਾਲਾਂ ਦੇ ਨਾਲ 30 ਪਰੇਜ਼ੇਟੇਂਸ਼ਨ ਦੇਣ ਦੀ ਯੋਜਨਾ ਬਣਾਉਂਦਾ ਹੈ। ਪਰੇਜ਼ੇਟੇਂਸ਼ਨ ਜਾਂ ਨਿਰਧਾਰਤ ਪਰੇਜ਼ੇਟੇਂਸ਼ਨ ਦੀ ਸੂਚੀ ਅੰਤਿਕਾ G ਵਿਚ ਦੇਖੀ ਜਾ ਸਕਦੀ ਹੈ। ਰਜਿਸਟਰਾਰ ਦੀ ਵੈੱਬਸਾਈਟ 'ਤੇ ਵੀ ਇਹੋ ਜਿਹੀ ਸੂਚੀ ਹੋਵੇਗੀ ਜੋ ਕਿ ਨਿਯਮਤ ਤੌਰ ਤੇ ਅਪਡੇਟ ਕੀਤੀ ਜਾਵੇਗੀ, ਦਿਲਚਸਪੀ ਰੱਖਣ ਵਾਲੀ ਧਿਰਾਂ ਇਹ ਚੁਣ ਸਕਦੇ ਹਨ ਕਿ ਉਹ ਕਦੋਂ ਅਤੇ ਕਿਥੇ ਭਾਗੀਦਾਰੀ ਲੈਣਾ ਚਾਹੁੰਦੇ ਹਨ।*

ਇਸ ਤੋਂ ਇਲਾਵਾ, ਮੈਡੇਰਾ ਕਾਊਂਟੀ ਕੇਬਲ ਅਤੇ ਸੈਟੇਲਾਈਟ ਟੈਲੀਵਿਜ਼ਨ ਪ੍ਰਦਾਤਾਵਾਂ ਨੂੰ ਵੰਡਣ ਲਈ ਨਿਸ਼ਾਨਾ ਟੈਲੀਵਿਜ਼ਨ PSA ਤੇ ਰਾਜ ਦੇ ਸਕੱਤਰ ਦੇ ਦਫਤਰ ਨਾਲ ਤਾਲਮੇਲ ਕਰੇਗੀ। ਇਹ ਆਸ ਕੀਤੀ ਜਾਂਦੀ ਹੈ ਕਿ ਇਹ PSA ਸਿਰਫ ਮੈਡੇਰਾ ਰਾਜ ਦੇ ਦਰਸ਼ਕਾਂ ਤੱਕ ਪਹੁੰਚੇਗੀ। ਇਹ ਤਰੀਕਾ ਵੋਟਰਾਂ ਦੀ ਉਲਝਨ ਨੂੰ ਵੱਧ ਤੋਂ ਵੱਧ ਸੰਭਵ ਰੂਪ ਵਿੱਚ ਘੱਟ ਤੋਂ ਘੱਟ ਕਰਦੇ ਹੋਏ, ਟੈਲੀਵਿਜ਼ਨ ਮਾਧਿਅਮ ਦੀ ਵਰਤੋਂ ਕਰਨ ਦੀ ਇਜਾਜ਼ਤ ਦੇਵੇਗਾ।

ਚੋਣ ਪ੍ਰਸ਼ਾਸ਼ਨ ਯੋਜਨਾ ਪ੍ਰਕਿਰਿਆ ਸ਼ੁਰੂ ਕਰਨ ਤੋਂ ਬਾਅਦ, ਮੈਡੇਰਾ ਕਾਊਂਟੀ ਨੇ ਕੈਲੀਫੋਰਨੀਆ ਦੇ ਸੈਕਰੇਟਰੀ ਆਫ ਸਟੇਟ ਤੋਂ ਚੋਣ ਕੋਡ 14201 ਦੇ ਅਨੁਸਾਰ ਨਵੀਂ ਭਾਸ਼ਾ ਦੀਆਂ ਜ਼ਰੂਰਤਾਂ ਮਹਿਸੂਸ ਕੀਤੀਆਂ ਹਨ। 2018 ਚੋਣ ਚੱਕਰ ਲਈ, ਮੈਡੇਰਾ ਕਾਊਂਟੀ ਪਹਿਲੀ ਵਾਰ ਕੁਝ ਸੀਮਿਤ ਹੱਦਾਂ ਵਿੱਚ ਪੰਜਾਬੀ ਭਾਸ਼ਾ ਵਿੱਚ ਸੇਵਾਵਾਂ ਮੁਹੱਈਆ ਕਰਵਾਏਗੀ। ਇਸ ਕਮਿਊਨਿਟੀ ਦੇ ਵੋਟਰਾਂ ਲਈ ਪ੍ਰਕਿਰਿਆ ਤੱਕ ਪਹੁੰਚ ਯਕੀਨੀ ਬਣਾਉਣ ਲਈ, MCROV ਨੇ 7 ਮਾਰਚ, 2018 ਨੂੰ ਇਸ EAP ਵਿੱਚ ਇੱਕ ਪਰਿਸ਼ਿਸ਼ਟ ਜਾਰੀ ਕੀਤਾ ਹੈ। ਇਹ ਪਰਿਸ਼ਿਸ਼ਟ ਅੰਤਿਕਾ F ਦੇ ਨਾਮ ਤੋਂ ਨਥੀ ਕੀਤਾ ਗਿਆ ਹੈ। ਇਹ ਪਰਿਸ਼ਿਟ ਅਤਿਰਿਕਤ MCROV ਦੇ ਅਤਿਰਿਕਤ ਕਦਮਾਂ ਦੀ ਵਿਆਖਿਆ ਕਰਦਾ ਹੈ ਜੋਕਿ ਚੋਣ ਪ੍ਰਕਿਰਿਆ ਦੇ ਨਾਲ-ਨਾਲ ਮੇਲ ਬੈਲਟ ਚੋਣ ਨੂੰ ਚੂਨਣ ਦੀ ਜਾਣਕਾਰੀ ਨੂੰ ਦੇਣਾ ਯਕੀਨੀ ਬਣਾਉਂਦਾ ਹੈ।

1-G ***ਭਾਸ਼ਾਈ ਘੱਟ ਗਿਣਤੀ ਵਾਲੇ ਵੋਟਰਾਂ ਦੀ ਪਛਾਣ ਕਰਨਾ***

*§4005(a) (10) (I)(i)(V)*

MCROV ਭਾਸ਼ਾਈ ਘੱਟ ਗਿਣਤੀ ਦੇ ਵੋਟਰਾਂ ਦੀ ਪਛਾਣ ਕਰਨ ਲਈ ਆਪਣੇ ਵੋਟਰ ਰਜਿਸਟਰੇਸ਼ਨ ਫਾਰਮ ਤੇ ਵੋਟਰ ਦੇ ਭਾਸ਼ਾ ਤਰਜੀਹ ਵਿਕਲਪ ਦਾ ਇਸਤੇਮਾਲ ਕਰਦਾ ਹੈ। ਵੋਟਰ ਸਾਡੀ ਭਾਸ਼ਾ ਦੀ ਤਰਜੀਹ ਨੂੰ ਅਪਡੇਟ ਕਰਨ ਲਈ ਟੈਲੀਫ਼ੋਨ ਰਾਹੀਂ ਜਾਂ ਈ-ਮੇਲ ਰਾਹੀਂ ਸਾਡੇ ਨਾਲ ਸੰਪਰਕ ਕਰ ਸਕਦੇ ਹਨ ਜਾਂ ਕਿਸੇ ਚੋਣਾਂ ਦੌਰਾਨ ਉਨ੍ਹਾਂ ਦੀ ਭਾਸ਼ਾ ਤਰਜੀਹ ਅਧਿਕਾਰੀ ਨੂੰ ਦੱਸ ਸਕਦੇ ਹਨ। ਇਸ ਤੋਂ ਇਲਾਵਾ, ਰਜਿਸਟਰਾਰ ਦੁਆਰਾ ਪੇਸ਼ ਕੀਤੀ ਗਈ ਜ਼ਿਆਦਾਤਰ ਵੋਟਰ ਜਾਣਕਾਰੀ ਅੰਗਰੇਜ਼ੀ ਅਤੇ ਸਪੈਨਿਸ਼ ਦੋਵਾਂ ਵਿਚ ਛਾਪੀ ਜਾਂਦੀ ਹੈ।

1-H ***ਭਾਸ਼ਾਈ ਘੱਟ-ਗਿਣਤੀ ਦੇ ਵੋਟਰਾਂ ਲਈ ਵੋਟਰ ਸਿੱਖਿਆ ਵਰਕਸ਼ਾਪ***

*4005(a)(10)(I)(i)(VI), §4005(a)(10)(I)(i)(VI)(ia)*

MCROV ਮੈਡੇਰਾ ਕਾਉਂਟੀ ਦੀਆਂ ਸੰਘੀ ਅਤੇ ਰਾਜ ਦੀਆਂ ਲੋੜੀਂਦੀਆਂ ਭਾਸ਼ਾਵਾਂ ਵਿੱਚੋਂ ਹਰੇਕ ਲਈ ਦੋ-ਭਾਸ਼ੀ ਵੋਟਰ ਸਿੱਖਿਆ ਵਰਕਸ਼ਾਪ ਹੋਵੇਗੀ। ਇਸ ਯੋਜਨਾ ਨੂੰ ਤਿਆਰ ਕਰਨ ਸਮੇਂ ਮੈਡੇਰਾ ਦੀਆਂ ਲੋੜੀਂਦੀਆਂ ਭਾਸ਼ਾਵਾਂ, ਅੰਗਰੇਜ਼ੀ ਤੋਂ ਇਲਾਵਾ ਸਪੇਨਿਸ਼ ਅਤੇ ਪੰਜਾਬੀ ਹਨ।

ਇਹ ਵਰਕਸ਼ਾਪ 2018 ਦੇ ਬਸੰਤ ਵਿੱਚ ਆਯੋਜਤ ਕੀਤੀ ਜਾਵੇਗੀ ਅਤੇ ਵੋਟ ਕੇਂਦਰ ਮਾਡਲ ਵੋਟਿੰਗ ਪ੍ਰਕਿਰਿਆ ਤੋਂ ਇਲਾਵਾ, ਕਾਉਂਟੀ ਦੇ ਭਾਸ਼ਾਈ ਭਾਈਚਾਰਿਆਂ ਨੂੰ ਖਾਸ ਭਾਸ਼ਾ ਵਿੱਚ ਉਪਲਬਧ ਸਮੱਗਰੀ ਅਤੇ ਸਹਾਇਤਾ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਇੱਕ ਮੌਕਾ ਪ੍ਰਦਾਨ ਕਰੇਗੀ। ਦਰਸ਼ਕਾਂ ਦੀ ਸਹਾਇਤਾ ਲਈ ਸਾਰੀਆਂ ਵਰਕਸ਼ਾਪਾਂ ਦੇ ਭਾਸ਼ਾ ਵਿਸ਼ੇਸ਼ ਦੁਭਾਸ਼ੀਏ ਹੋਣਗੇ। ਵਰਕਸ਼ਾਪ ਦੇ ਪ੍ਰੋਗਰਾਮ ਬਾਰੇ ਜਾਣਕਾਰੀ ਮੀਟਿੰਗ ਦੀ ਮਿਤੀ ਤੋਂ ਘੱਟੋ ਘੱਟ 10 ਦਿਨ ਪਹਿਲਾਂ ਦਿੱਤੀ ਜਾਵੇਗੀ।

ਵਰਕਸ਼ਾਪਾਂ ਦੌਰਾਨ ਵਰਤੇ ਜਾਣ ਵਾਲੇ ਕੋਲੇਟਰਲ (Collateral) ਨੂੰ ਅਜੇ ਵੀ ਇਸ ਸਮੇਂ ਵਿਕਸਿਤ ਕੀਤਾ ਜਾ ਰਿਹਾ ਹੈ। ਜਿਵੇਂ ਹੀ ਇਹ ਉਪਲਬਧ ਹੋਵੇਗਾ, ਇਹ MCROV ਦੀ ਵੈਬਸਾਈਟ www.votemadera.com ਤੇ ਉਪਲਬਧ ਹੋ ਜਾਵੇਗਾ।

1-I ***ਭਾਸ਼ਾਈ ਘੱਟ ਗਿਣਤੀ ਦੇ ਨਾਗਰਿਕਾਂ ਲਈ ਜਨਤਕ ਸੇਵਾ ਘੋਸ਼ਣਾ***

*§4005(a) (10) (I)(i)(IX)*

ਆਉਣ ਵਾਲੇ ਚੋਣਾਂ ਅਤੇ ਟੋਲ-ਫ੍ਰੀ ਸਹਾਇਤਾ ਹੋਟਲਾਈਨ ਵਿੱਚ ਘੱਟ ਗਿਣਤੀ ਭਾਸ਼ਾਈ ਭਾਈਚਾਰਿਆਂ ਦੇ ਵੋਟਰਾਂ ਨੂੰ ਸੂਚਨਾ ਦੇਣ ਲਈ MCROV ਜਨਤਕ ਸੇਵਾ ਘੋਸ਼ਣਾ ਦੀ ਵਰਤੋਂ ਕਰੇਗਾ। PSA ਨੂੰ ਘੱਟ ਗਿਣਤੀ ਭਾਸ਼ਾ ਦੇ ਟੈਲੀਵਿਜ਼ਨ, ਰੇਡੀਓ ਅਤੇ ਅਖ਼ਬਾਰਾਂ ਰਾਹੀਂ ਵੰਡਿਆ ਜਾਵੇਗਾ।

<u>ਅਪੰਗਤਾ ਭਾਈਚਾਰਿਆਂ ਨਾਲ ਸਿੱਖਿਆ ਅਤੇ ਪਹੁੰਚ</u>

MCROV ਨੇ ਅਪ੍ਰੈਲ 2017 ਵਿੱਚ ਵੋਟਿੰਗ ਐਕਸੈਬਿਲਿਟੀ ਐਡਵਾਈਜ਼ਰੀ ਕਮੇਟੀ (VAAC) ਦੀ ਸਥਾਪਨਾ ਕੀਤੀ ਤਾਂ ਜੋ ਅਪਾਹਜਤਾ ਵਾਲੇ ਵੋਟਰਾਂ ਦੁਆਰਾ ਚੋਣ ਪ੍ਰਕਿਰਿਆ ਤੱਕ ਪਹੁੰਚ ਵਿੱਚ ਸਹਾਇਤਾ ਕੀਤੀ ਜਾ ਸਕੇ। VAAC ਸਥਾਨਕ ਵਸਨੀਕਾਂ ਨਾਲ ਸਬੰਧਿਤ ਹੈ ਜੋ ਅਪੰਗਤਾ ਭਾਈਚਾਰੇ ਦੀ ਤਰਫੋਂ ਵਕਾਲਤ ਕਰਦੇ ਹਨ।

1-J ਵੈੱਬਸਾਈਟ ਤੇ ਜਨਤਕ ਤੌਰ 'ਤੇ ਪਹੁੰਚਯੋਗ ਜਾਣਕਾਰੀ ਉਪਲਬਧ ਹੈ

*§4005(a) (10) (I)(i)(IV)*

MCROV ਦੀ ਵੈੱਬਸਾਈਟ (www.votemadera.com) 'ਤੇ ਜਾਣਕਾਰੀ ਪਹੁੰਚਯੋਗ ਫਾਰਮੈਟ ਵਿਚ ਹੈ ਅਤੇ ਜਨਤਕ ਰੂਪ ਵਿਚ ਉਪਲਬਧ ਹੈ। ਇਸ ਵਿੱਚ ਚੋਣ ਪ੍ਰਸ਼ਾਸ਼ਨ ਯੋਜਨਾ ਅਤੇ ਵੋਟਰਜ਼ ਚੁਆਇਸ ਐਕਟ ਨਾਲ ਸਬੰਧਤ ਹੋਰ ਜਾਣਕਾਰੀ, ਅਤੇ ਨਾਲ ਹੀ ਚੋਣ ਪ੍ਰਕਿਰਿਆ ਵਿੱਚ ਵੋਟ ਪਾਉਣ ਅਤੇ ਚੋਣ ਪ੍ਰਕ੍ਰਿਆ ਵਿੱਚ ਸ਼ਾਮਲ ਹੋਣ ਲਈ ਰਜਿਸਟਰ ਕਰਨ ਬਾਰੇ ਜਾਣਕਾਰੀ ਸ਼ਾਮਲ ਹੈ। ਚੋਣ ਵਿਸ਼ੇਸ਼ ਜਾਣਕਾਰੀ ਵੈਬਸਾਈਟ 'ਤੇ ਵੀ ਇੱਕ ਪਹੁੰਚਯੋਗ ਫਾਰਮੈਟ ਵਿੱਚ ਉਪਲਬਧ ਹੈ।

ਪ੍ਰਦਾਨ ਕੀਤੀ ਜਾ ਰਹੀ ਜਾਣਕਾਰੀ ਵਿਚ ਹੇਠ ਲਿਖੀਆਂ ਗੱਲਾਂ ਸ਼ਾਮਲ ਹੋਣਗੀਆਂ:

1) ਸਾਰੇ ਵੋਟਰਾਂ ਨੂੰ ਇੱਕ ਵੋਟ-ਬਾਈ-ਮੇਲ (VBM) ਬੈਲਟ ਮਿਲੇਗੀ
2) ਕਿਸੇ ਵੀ ਵੋਟ ਕੇਂਦਰ ਤੇ ਇੱਕ ਪਹੁੰਚਯੋਗ ਵੋਟਿੰਗ ਉਪਕਰਣ ਦੀ ਵਰਤੋਂ ਕਰਨ ਦਾ ਵਿਕਲਪ ਅਤੇ ਉਪਕਰਣ ਦੀ ਵਰਤੋਂ ਕਿਵੇਂ ਕਰਨੀ ਹੈ
3) ਕਾਉਂਟੀ ਦੇ ਰਿਮੋਟ ਐਕਸੈਸਿਬਲ ਵੋਟ-ਬਾਈ-ਮੇਲ (RAVBM) ਪ੍ਰੋਗਰਾਮ ਦੁਆਰਾ ਇੱਕ ਪਹੁੰਚਯੋਗ ਬੈਲਟ ਦੀ ਬੇਨਤੀ ਕਰਨ, ਨਿਸ਼ਾਨ ਲਗਾਉਣ ਅਤੇ ਜਮ੍ਹਾਂ ਕਰਨ ਦਾ ਤਰੀਕਾ।

1-K ਕਾਊਂਟੀ ਚੋਣਾਂ ਦੇ ਅਧਿਕਾਰੀ ਕਿਵੇਂ ਇਸ ਸੈਕਸ਼ਨ ਦੀ ਜਨਤਾ ਨੂੰ ਸਿੱਖਿਆ ਅਤੇ ਸੰਚਾਰ ਕਰਨ ਦਾ ਵੇਰਵਾ ਦਿੰਦੇ ਹਨ, ਜਿਸ ਵਿੱਚ ਸ਼ਾਮਲ ਹਨ: ਅਪੰਗਤਾ ਭਾਈਚਾਰਾ, ਜਿਸ ਵਿੱਚ ਸੰਗਠਨਾਂ ਅਤੇ ਵਿਅਕਤੀਆਂ, ਜਿਨ੍ਹਾਂ ਦੀ ਤਰਫੋਂ ਵਕਾਲਤ ਕਰਦੇ ਹਨ, ਜਾਂ ਅਪਾਹਜ ਵਿਅਕਤੀਆਂ ਲਈ ਸੇਵਾਵਾਂ ਪ੍ਰਦਾਨ ਕਰਦੇ ਹਨ, ਸ਼ਾਮਲ ਹਨ। ਕਾਉਂਟੀ ਚੋਣ ਅਫਸਰ ਅਪਾਹਜਤਾ ਵਾਲੇ ਯੋਗ ਵੋਟਰਾਂ ਦੀ ਪਹੁੰਚ ਅਤੇ ਹਿੱਸੇਦਾਰੀ ਨੂੰ ਵਧਾਉਣ ਲਈ ਘੱਟ ਤੋਂ ਘੱਟ ਇੱਕ ਵੋਟਰ ਸਿੱਖਿਆ ਵਰਕਸ਼ਾਪ ਆਯੋਜਿਤ ਕਰਨਗੇ।

*§4005(a)(10)(I)(i)(VI), §4005(a)(10)(I)(i)(VI)(ib)*

ਵੋਟ ਕੇਂਦਰ ਮਾਡਲ, ਵੋਟਿੰਗ ਵਿਕਲਪਾਂ (RAVBM ਸਮੇਤ), ਅਤੇ ਸਹਾਇਤਾ ਲਈ ਟੋਲ ਫਰੀ ਪਹੁੰਚ ਹੋਟਲਾਈਨ ਬਾਰੇ ਜਾਣਕਾਰੀ ਸਮੇਤ ਅਪਾਹਜਤਾ ਦੇ ਭਾਈਚਾਰੇ ਨਾਲ ਜਾਣਕਾਰੀ ਸਾਂਝੀ ਕਰਨ ਲਈ ਇਨ੍ਹਾਂ ਨੂੰ ਸ਼ਾਮਲ ਕੀਤਾ ਜਾਵੇਗਾ:

1) ਸਥਾਨਕ ਟੈਲੀਵਿਜ਼ਨ (ਸਟੇਸ਼ਨਾਂ ਦਾ ਫ਼ੈਸਲਾ ਕੀਤਾ ਜਾਣਾ ਹੈ)*
2) ਅਖ਼ਬਾਰਾਂ (ਮੈਡੇਰਾ ਕਾਊਂਟੀ ਵਿੱਚ ਆਮ ਪ੍ਰਸਾਰਣ ਦੇ ਮੁਖੀ ਅਖਬਾਰ: ਮੈਡੇਰਾ ਟ੍ਰਿਬਿਊਨ, ਸਿਏਰਾ ਸਟਾਰ, ਚੌਚਿਲਾ ਨਿਊਜ਼)
3) ਰੇਡੀਓ (ਸਟੇਸ਼ਨਾਂ ਦਾ ਫ਼ੈਸਲਾ ਕੀਤਾ ਜਾਣਾ ਹੈ)*
4) ਸੋਸ਼ਲ ਮੀਡੀਆ ਅਤੇ ਵਿਭਾਗ ਵੈੱਬਸਾਈਟ (@MaderaElections, @MaderaCounty)
5) ਕਮਿਊਨਿਟੀ ਭਾਈਵਾਲਾਂ, ਅਪੰਗਤਾ ਐਡਵੋਕੇਟ ਸੰਸਥਾਵਾਂ, ਚੁਣੇ ਹੋਏ ਅਹੁਦੇਦਾਰਾਂ, ਵਿਸ਼ੇਸ਼ ਜਿਲਿਆਂ, ਸਕੂਲੀ ਜਿਲ੍ਹਿਆਂ, ਭਾਈਚਾਰੇ ਅਧਾਰਤ ਸੰਗਠਨਾਂ, ਵਿਸ਼ਵਾਸ ਆਧਾਰਿਤ ਸੰਗਠਨਾਂ ਅਤੇ ਜਨਤਕ ਸੂਚਨਾ ਅਫਸਰਾਂ ਵਰਗੇ ਸਮੂਹਾਂ ਤੱਕ ਪਹੁੰਚ
6) ਮੀਡੀਆ ਉਪਲਬਧਤਾ ਸੈਸ਼ਨ

7) ਜਨਤਕ ਸੇਵਾ ਘੋਸ਼ਣਾਵਾਂ, ਕਾਊਂਟੀ ਦੀ ਸੇਵਾ ਕਰਨ ਵਾਲੇ ਸਾਰੇ ਆਊਟਲੇਟਾਂ ਨੂੰ ਵੱਡੇ ਪੱਧਰ ਤੇ ਵੰਡਿਆ ਜਾਂਦਾ ਹੈ, ਕਾਊਂਟੀ ਵਿਭਾਗ (ਜਿਵੇਂ ਕਿ ਸਿਹਤ ਅਤੇ ਮਨੁੱਖੀ ਸੇਵਾਵਾਂ, ਮਨੁੱਖੀ ਸਹਾਇਤਾ, ਅਨੁਭਵ ਸੇਵਾਵਾਂ, ਪੜਤਾਲ, ਅਤੇ ਬਾਲ ਸਹਾਇਤਾ ਸੇਵਾਵਾਂ)

**ਮੈਡੇਰਾ ਕਾਉਂਟੀ ਵਿੱਚ ਸਥਾਨਕ ਟੈਲੀਵਿਜ਼ਨ /ਰੇਡੀਓ ਸਟੇਸ਼ਨ ਨਹੀਂ ਹਨ ਜੋ ਮੁੱਖ ਤੌਰ ਤੇ ਮੈਡੇਰਾ ਕਾਉਂਟੀ ਦੇ ਨਿਵਾਸੀਆਂ ਦੀ ਸੇਵਾ ਕਰਦੇ ਹਨ। ਇਸ ਦੀ ਬਜਾਏ, ਮੈਡੇਰਾ ਕਾਉਂਟੀ ਦੇ ਨਿਵਾਸੀਆਂ ਨੂੰ ਖੇਤਰੀ ਟੈਲੀਵਿਜ਼ਨ /ਰੇਡੀਓ ਸਟੇਸ਼ਨ ਦੁਆਰਾ ਸੇਵਾ ਦਿੱਤੀ ਜਾਂਦੀ ਹੈ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਫ੍ਰੇਸਨੋ, ਸੀਏ ਵਿਚ ਸਥਿਤ ਹਨ ਅਤੇ ਜ਼ਿਆਦਾ ਕੇਂਦਰੀ ਘਾਟੀ ਖੇਤਰ ਦੀ ਸੇਵਾ ਕਰਦੇ ਹਨ। ਮੈਡੇਰਾ ਕਾਊਂਟੀ ਖੇਤਰੀ ਟੈਲੀਵਿਜ਼ਨ /ਰੇਡੀਓ ਸਟੇਸ਼ਨਾਂ ਤੱਕ ਪਹੁੰਚ ਕਰੇਗਾ ਹਾਲਾਂਕਿ ਖੇਤਰੀ ਮੀਡੀਆ ਦੀ ਕਿਸੇ ਵੀ ਉਪਯੋਗਤਾ ਨੂੰ ਧਿਆਨ ਵਿੱਚ ਰੱਖਣਾ ਵਿੱਚ ਰੱਖਣਾ ਚਾਹਿਦਾ ਹੈ ਕਿ ਜ਼ਿਆਦਾਤਰ ਦਰਸ਼ਕ ਉਨ੍ਹਾਂ ਕਾਊਂਟੀਆਂ ਤੋਂ ਹੋਣਗੇ ਜਿਨ੍ਹਾਂ ਵਿੱਚ ਵੋਟਰਜ਼ ਚੁਆਇਸ ਐਕਟ ਲਾਗੂ ਨਹੀਂ ਹੈ। ਵੋਟਰਾਂ ਨੂੰ ਉਲਝਣ ਤੋਂ ਬਚਾਉਣ ਲਈ ਹਰ ਕੋਸ਼ਿਸ਼ ਕੀਤੀ ਜਾਵੇਗੀ।*
*ਇਸ ਹੱਦਬੰਦੀ ਨੂੰ ਘਟਾਉਣ ਲਈ, ਮੈਡੇਰਾ ਕਾਉਂਟੀ ਦੇ ਰਜਿਸਟਰਾਰ ਦੇ ਦਫ਼ਤਰ ਨੇ ਵੋਟਰਾਂ ਨੂੰ ਸਿੱਖਿਆ ਦੇਣ ਲਈ ਇੰਟੈਂਨਸ ਗ੍ਰਾਸ ਰੂਟਸ ਦੀ ਸ਼ੁਰੂਆਤ ਕੀਤੀ ਹੈ, ਜਿਹਨਾਂ ਦਾ ਸਾਡੇ* VAAC, LAAC *ਅਤੇ ਕਮਿਊਨਿਟੀ ਚੋਣਾਂ ਦੇ ਵਰਕਿੰਗ ਗਰੁੱਪ ਦੀਆਂ ਮੀਟਿੰਗਾਂ ਵਿਚ ਸਟੇਕਹੋਲਡਰਾਂ ਵਲੋਂ ਨੇ ਸੁਝਾਅ ਦਿੱਤਾ ਗਿਆ ਸੀ। ਸਟੇਕਹੋਲਡਰਾਂ ਨੇ ਇਹ ਸੰਕੇਤ ਦਿੱਤਾ ਹੈ ਆਪਣੇ ਭਾਈਚਾਰਿਆਂ ਵਿੱਚ ਜਿਹਨਾਂ ਵੋਟਰਾਂ ਦੇ ਪਹਿਲਾਂ ਹੀ ਰਿਸ਼ਤੇ ਕਾਇਮ ਹਨ ਉਹਨਾਂ ਵਲੋਂ ਲੋਕਲ ਸੰਸਥਾਵਾਂ, ਸਮੂਹਾਂ ਅਤੇ ਏਜੰਸੀਆਂ ਦੁਆਰਾ ਕੀਤੇ ਗਏ ਆਊਟਰੀਚ ਦੇ ਯਤਨਾਂ ਦਾ ਜਵਾਬ ਦੇਣ ਦੀ ਜਿਆਦਾਤਰ ਸੰਭਾਵਨਾਵਾਂ ਹਨ। ਇਸ ਅਨੁਸਾਰ, ਰਜਿਸਟਰਾਰ ਦੇ ਦਫ਼ਤਰ ਕਮਿਊਨਿਟੀ ਭਾਈਵਾਲਾਂ ਦੇ ਨਾਲ 30 ਪਰੇਜ਼ੇਟੇਂਸ਼ਨ ਦੇਣ ਦੀ ਯੋਜਨਾ ਬਣਾਉਂਦਾ ਹੈ। ਪਰੇਜ਼ੇਟੇਂਸ਼ਨ ਜਾਂ ਨਿਰਧਾਰਤ ਪਰੇਜ਼ੇਟੇਂਸ਼ਨ ਦੀ ਸੂਚੀ ਅੰਤਿਕਾ* G *ਵਿਚ ਦੇਖੀ ਜਾ ਸਕਦੀ ਹੈ। ਰਜਿਸਟਰਾਰ ਦੀ ਵੈੱਬਸਾਈਟ 'ਤੇ ਵੀ ਇਹੋ ਜਿਹੀ ਸੂਚੀ ਹੋਵੇਗੀ ਜੋ ਕਿ ਨਿਯਮਤ ਤੌਰ ਤੇ ਅਪਡੇਟ ਕੀਤੀ ਜਾਵੇਗੀ, ਦਿਲਚਸਪੀ ਰੱਖਣ ਵਾਲੀ ਧਿਰਾਂ ਇਹ ਚੁਣ ਸਕਦੇ ਹਨ ਕਿ ਉਹ ਕਦੋਂ ਅਤੇ ਕਿਥੇ ਭਾਗੀਦਾਰੀ ਲੈਣਾ ਚਾਹੁੰਦੇ ਹਨ।*

ਇਸ ਤੋਂ ਇਲਾਵਾ, ਮੈਡੇਰਾ ਕਾਊਂਟੀ ਕੇਬਲ ਅਤੇ ਸੈਟੇਲਾਈਟ ਟੈਲੀਵਿਜ਼ਨ ਪ੍ਰਦਾਤਾਵਾਂ ਨੂੰ ਵੰਡਣ ਲਈ ਨਿਸ਼ਾਨਾ ਟੈਲੀਵਿਜ਼ਨ PSA ਤੇ ਰਾਜ ਦੇ ਸਕੱਤਰ ਦੇ ਦਫਤਰ ਨਾਲ ਤਾਲਮੇਲ ਕਰੇਗੀ। ਇਹ ਆਸ ਕੀਤੀ ਜਾਂਦੀ ਹੈ ਕਿ ਇਹ PSA ਸਿਰਫ ਮੈਡੇਰਾ ਰਾਜ ਦੇ ਦਰਸ਼ਕਾਂ ਤੱਕ ਪਹੁੰਚੇਗੀ। ਇਹ ਤਰੀਕਾ ਵੋਟਰਾਂ ਦੀ ਉਲਝਨ ਨੂੰ ਵੱਧ ਤੋਂ ਵੱਧ ਸੰਭਵ ਰੂਪ ਵਿੱਚ ਘੱਟ ਤੋਂ ਘੱਟ ਕਰਦੇ ਹੋਏ, ਟੈਲੀਵਿਜ਼ਨ ਮਾਧਿਅਮ ਦੀ ਵਰਤੋਂ ਕਰਨ ਦੀ ਇਜਾਜ਼ਤ ਦੇਵੇਗਾ।

ਅਪਾਹਜਤਾ ਵਾਲੇ ਯੋਗ ਵੋਟਰਾਂ ਦੀ ਪਹੁੰਚ ਅਤੇ ਸ਼ਮੂਲੀਅਤ ਵਧਾਉਣ ਲਈ, MCROV 2018 ਦੇ ਬਸੰਤ ਵਿੱਚ ਇੱਕ ਵੋਟਰ ਸਿੱਖਿਆ ਵਰਕਸ਼ਾਪ ਆਯੋਜਿਤ ਕਰੇਗਾ। ਇਹ ਵਰਕਸ਼ਾਪ ਇਲੈਕਟ੍ਰੋਨਿਕ ਤਰੀਕੇ ਨਾਲ ਵੋਟ ਕੇਂਦਰ ਮਾਡਲ, ਨਵੇਂ ਵੋਟਿੰਗ ਸਾਜ਼ੋ-ਸਮਾਨ ਪ੍ਰਦਰਸ਼ਨ, ਵੋਟਿੰਗ ਸਾਜ਼ੋ-ਸਾਮਾਨ ਦੀ ਪਹੁੰਚ, ਬੈਲਟ ਡਰਾਪ-ਆਫ ਜਾਣਕਾਰੀ ਅਤੇ ਵੋਟ-ਬਾਈ-ਮੇਲ ਬੈਲਟ ਪ੍ਰਾਪਤ ਕਰਨ ਜਾਣਕਾਰੀ ਸ਼ਾਮਲ ਹੋਵੇਗੀ, ਪਰ ਇਸ ਤੱਕ ਸੀਮਿਤ ਨਹੀਂ ਹੋਵੇਗੀ। ਵਰਕਸ਼ਾਪ ਬਾਰੇ ਜਾਣਕਾਰੀ ਮੀਟਿੰਗ ਦੀ ਮਿਤੀ ਤੋਂ ਘੱਟੋ ਘੱਟ 10 ਦਿਨ ਪਹਿਲਾਂ ਘੋਸ਼ਤ ਕੀਤੀ ਜਾਵੇਗੀ।

# ਭਾਗ 2 - ਚੋਣ ਪ੍ਰਸ਼ਾਸ਼ਨ ਯੋਜਨਾ - ਵੋਟ ਕੇਂਦਰ ਮਾਡਲ

## ਮੁੱਖ

2-A ***ਟੋਲ ਫ੍ਰੀ ਫੋਨ ਦੀ ਸਹੂਲਤ***

*§4005(a) (10) (I)(vii)*

MCROV ਵਪਾਰ ਦੇ ਸਮੇਂ ਦੌਰਾਨ ਟੋਲ-ਫ੍ਰੀ ਫ਼ੋਨ ਸਹੂਲਤ ਦੀ ਪੇਸ਼ਕਸ਼ ਕਰਦਾ ਹੈ। ਸੰਘੀ/ ਸੂਬੇ ਦੀ ਲੋੜੀਂਦੀਆਂ ਭਾਸ਼ਾਵਾਂ ਵਿੱਚ ਕਾੱਲ ਕਰਨ ਵਾਲਿਆਂ ਦੀ ਮਦਦ ਕਰਨ ਲਈ ਸਟਾਫ਼ ਉਪਲਬਧ ਹੈ।

ਟੋਲ-ਫ੍ਰੀ ਹੋਟਲਾਈਨ (800) 435-0509

## ਬੈਲਟ ਦੀ ਸਹੂਲਤ

2-B ***ਵਿਕਲਾਂਗ ਵੋਟਰਾਂ ਲਈ A VBM ਬੈਲਟ ਦੀ ਸਹੂਲਤ***

*§4005(a) (10) (I)(ii)*

ਮੇਲ ਦੁਆਰਾ ਏ ਵੋਟ-ਬਾਈ-ਮੇਲ (VBM) ਬੈਲਟ ਪ੍ਰਾਪਤ ਕਰਨਾ
ਹਰੇਕ ਚੋਣ ਤੇ ਸਾਰੇ ਸੈਡੇਰਾ ਕਾਉਂਟੀ ਵਿੱਚ ਰਜਿਸਟਰ ਕੀਤੇ ਗਏ ਵੋਟਰਾਂ ਨੂੰ ਇਕ VBM ਬੈਲਟ ਪੈਕੇਟ ਦਾ ਮੇਲ ਪ੍ਰਾਪਤ ਹੋਵੇਗਾ। ਨੱਥੀ ਬੈਲਟ ਨੂੰ ਮਾਰਕ ਕੀਤਾ ਜਾ ਸਕਦਾ ਹੈ ਅਤੇ VBM ਪੈਕੇਟ ਸਮੇਤ ਸ਼ਨਾਖਤੀ ਲਿਫਾਫੇ ਵਿੱਚ ਵਾਪਸ ਕੀਤਾ ਜਾ ਸਕਦਾ ਹੈ।

ਇੱਕ ਬੈਲਟ ਦੀ ਸਹੂਲਤ ਲਈ ਬੇਨਤੀ - ਵੋਟ ਕੇਂਦਰ
ਸਾਰੇ ਮਾਡੇਰਾ ਕਾਉਂਟੀ ਵਿੱਚ ਰਜਿਸਟਰਡ ਵੋਟਰ ਕਿਸੇ ਵੀ ਵੋਟ ਕੇਂਦਰ ਤੇ ਤਿੰਨ ਸਹੂਲਤੀ ਬੈਲਟ ਮਾਰਕ ਕਰਨ ਵਾਲੀਆਂ ਡਿਵਾਈਸਾਂ ਵਿਚੋਂ ਇਕ ਦਾ ਇਸਤੇਮਾਲ ਕਰ ਸਕਦੇ ਹਨ। ਵੋਟਰ ਚੈੱਕ ਇਨ ਕਰਦੇ ਹਨ, ਇੱਕ ਸਹੂਲਤੀ ਬੈਲਟ ਪ੍ਰਦਾਨ ਕਰਨ ਲਈ ਬੇਨਤੀ ਕਰਦੇ ਹਨ ਅਤੇ ਉਹਨਾਂ ਨੂੰ ਇਕ ਕੀ ਕਾਰਡ ਪ੍ਰਦਾਨ ਕੀਤਾ ਜਾਂਦਾ ਹੈ, ਜਿਸ ਨਾਲ ਉਸ ਸਹੂਲਤੀ ਡਿਵਾਇਸ ਦੀ ਵਰਤੋਂ ਕੀਤੀ ਜਾਂਦੀ ਹੈ। ਬੈਲਟ ਨੂੰ ਟੱਚ ਸਕਰੀਨ ਡਿਸਪਲੇ, ਆਡੀਓ ਟੈਕਟਾਇਲ ਡਿਵਾਈਸ ਜਾਂ ਉਹਨਾਂ ਦੀ ਆਪਣੀ ਸਹਾਇਕ ਤਕਨੀਕ ਦੁਆਰਾ ਮਾਰਕ ਕੀਤਾ ਜਾ ਸਕਦਾ ਹੈ। ਸਾਰੇ ਵੋਟਰਾਂ ਨੂੰ ਨਿਜੀ ਅਤੇ ਸੁਤੰਤਰ ਤੌਰ ਤੇ ਆਪਣੇ ਬੈਲਟ ਚੁਨਣ ਦਾ ਮੌਕਾ ਦੇਣ ਲਈ ਸਹੂਲਤੀ ਵੋਟਿੰਗ ਮਸ਼ੀਨ ਦੀ ਵਿਵਸਥਾ ਕੀਤੀ ਜਾਵੇਗੀ।

ਰਿਮੋਟ ਅਸੈਸਿਬਲ VBM ਬੈਲਟ ਲਈ ਬੇਨਤੀ ਕਰਨਾ
ਮਡੇਰਾ ਕਾਉਂਟੀ ਵਿੱਚ ਰਜਿਸਟਰਡ ਵਿਰਲਾਂਗ ਵੋਟਰ ਇੱਕ ਰਿਮੋਟ ਅਸੈਸਿਬਲ ਵੋਟ-ਬਾਈ-ਮੇਲ (RAVBM) ਪ੍ਰਣਾਲੀ ਦੁਆਰਾ ਇੱਕ ਸਹੂਲਤੀ ਬੈਲਟ ਦੀ ਚੋਣ ਕਰ ਸਕਦੇ ਹਨ। RAVBM ਵਿਕਲਾਂਗ ਵੋਟਰਾਂ ਨੂੰ VBM ਬੈਲਟ ਲਈ ਬੇਨਤੀ ਕਰਨ ਦੀ ਯੋਗਤਾ ਨੂੰ ਇਲੈਕਟ੍ਰੋਨਿਕਲ ਰੂਪ ਵਿੱਚ ਭੇਜੇਗਾ। ਇਲੈਕਟ੍ਰਾਨਿਕ ਬੈਲਟ ਨੂੰ ਵੋਟਰ ਦੇ ਕੰਪਿਊਟਰ ਤੇ ਡਾਊਨਲੋਡ ਕੀਤਾ ਜਾ ਸਕਦਾ ਹੈ, ਵੋਟਰ ਦੀ ਆਪਣੀ ਸਹਾਇਕ ਤਕਨੀਕ ਦੀ ਵਰਤੋਂ ਕਰਕੇ ਮਾਕਰ ਕੀਤਾ ਜਾ ਸਕਦਾ ਹੈ ਅਤੇ ਫਿਰ ਪ੍ਰਿੰਟ ਕੀਤਾ ਜਾ ਸਕਦਾ ਹੈ। ਇਹ ਬੈਲਟ VBM ਦੀ ਤਰ੍ਹਾਂ ਹੀ ਵਾਪਸ ਕੀਤਾ ਜਾ ਸਕਦਾ ਹੈ: ਮੇਲ ਰਾਹੀਂ, ਡ੍ਰਾਪ ਬਾਕਸ ਵਿੱਚ ਰੱਖਕੇ, ਜਾਂ ਕਿਸੇ ਵੀ ਵੋਟ ਕੇਂਦਰ ਵਿੱਚ। MCROV

ਫਿਲਹਾਲ ਇੱਕ ਕੈਲੀਫੋਰਨੀਆ ਪ੍ਰਮਾਣਿਤ ਰਿਮੋਟ ਅਸੈਸਿਬਲ ਵੋਟ-ਬਾਈ-ਮੇਲ ਸਿਸਟਮ ਦੀ ਪ੍ਰਾਪਤੀ ਲਈ ਵਿਕਲਪਾਂ ਦੀ ਭਾਲ ਕਰ ਰਿਹਾ ਹੈ। ਇੱਕ ਵਾਰ ਸਿਸਟਮ ਦੀ ਪ੍ਰਾਪਤੀ ਤੋਂ ਬਾਅਦ, ਨਿਰਦੇਸ਼ ਨੂੰ ਵਿਕਸਿਤ ਪ੍ਰਕਿਰਿਆਵਾਂ ਅਨੁਸਾਰ ਵਿਕਸਤ ਕੀਤਾ ਜਾਵੇਗਾ, ਅਤੇ ਇਸਨੂੰ ਕਾਉਂਟੀ ਵੈਬਸਾਈਟ, ਵਿਦਿਅਕ ਸਮੱਗਰੀਆਂ ਵਿੱਚ ਅਤੇ ਜਨਤਕ ਮੀਟਿੰਗਾਂ ਦੌਰਾਨ ਸਾਂਝਾ ਕੀਤਾ ਜਾਵੇਗਾ।

ਇੱਕ ਰਿਪਲੇਸਮੈਂਟ ਬੈਲਟ ਲਈ ਬੇਨਤੀ ਕਰਨਾ

ਕੋਈ ਵੀ ਵੋਟਰ ਰਿਪਲੇਸਮੇਂਟ ਬੈਲਟ ਲਈ ਟੇਲੀਫੋਨ ਰਾਹੀਂ (800) 435-0509 ਜਾਂ (559) 675-7720 ਤੇ, ਫੈਕਸ ਰਾਹੀਂ (559) 675-7870, ਵੋਟ ਕੇਂਦਰ ਤੇ ਜਾਕੇ, ਜਾਂ ਫਿਰ RAVBM ਪ੍ਰਣਾਲੀ ਦੇ ਰਾਹੀਂ ਬੇਨਤੀ ਕਰ ਸਕਦਾ/ਸਕਦੀ ਹੈ।

<u>ਵੋਟ ਕੇਂਦਰਾਂ ਲਈ ਜਰੂਰੀ</u>

2-C ***ਵੋਟ ਕੇਂਦਰ ਵਿਖੇ ਵੋਟਿੰਗ ਪ੍ਰਕਿਰਿਆ ਦੀ ਸੁਰੱਖਿਆ ਕਰਨਾ***

ਵੋਟ ਕੇਂਦਰ ਤੇ ਸੁਰੱਖਿਅਤ ਵੋਟਿੰਗ

*§4005(a) (10) (I)(iv)*

ਕਿਸੇ ਵੀ ਵੋਟ ਕੇਂਦਰ ਤੇ ਵੋਟਿੰਗ ਸੂਬੇ ਦੀ ਸੁਰੱਖਿਆ ਦੇ ਸਕਤੱਰ, MCROV ਦੀ ਸੁਰੱਖਿਆ ਪ੍ਰਕ੍ਰਿਆਵਾਂ, ਕੈਲੀਫੋਰਨੀਆ ਚੋਣ ਕੋਡ ਦੇ ਕਾਨੂੰਨ ਅਤੇ ਕੈਲੀਫੋਰਨੀਆ ਵੋਟਿੰਗ ਸਿਸਟਮ ਦੇ ਨਿਯਮਾਂ ਦੀ ਵਰਤੋਂ ਦੀਆਂ ਪ੍ਰਕਿਰਿਆਵਾਂ ਦੇ ਨਾਲ ਹੋਣੀ ਚਾਹੀਦੀ ਹੈ। ਇਸ ਵਿਚ ਸ਼ਾਮਲ ਹਨ, ਪਰ ਵੋਟ ਕੇਂਦਰ ਵਿਚ ਸਾਰੇ ਉਪਕਰਣਾਂ ਨੂੰ ਸੀਲਡ, ਡਿਲੀਵਰਡ, ਸਟੋਰ ਕਰਨ ਅਤੇ ਇਹਨਾਂ ਨਿਯਮਾਂ ਦੀ ਪਾਲਣਾ ਵਿਚ ਵਰਤੇ ਜਾਣ ਨੂੰ ਯਕੀਨੀ ਬਣਾਉਣ ਤੱਕ ਹੀ ਸੀਮਿਤ ਨਹੀਂ ਹੈ। ਇਸਦੇ ਇਲਾਵਾ, ਸਾਡੀ ਮੌਜੂਦਾ ਪ੍ਰਕਿਰਿਆਵਾਂ ਵਿੱਚ ਜਰੂਰ ਹੈ ਕਿ ਜਦੋਂ ਸਾਈਟ ਖੁੱਲੀ ਹੋਵੇ ਤਾਂ ਘੱਟੋ ਘੱਟ ਦੋ ਚੋਣ ਕਰਮਚਾਰੀ ਮੌਜੂਦ ਹੋਣ।

ਸੁਰੱਖਿਆ ਅਤੇ ਅਚਨਚੇਤ ਯੋਜਨਾਵਾਂ

*§4005(a)(10)(I)(iv)(VIII)*

ਰੁਕਾਵਟਾਂ ਤੋਂ ਬਚਾਉਣਾ, ਵੋਟ ਕੇਂਦਰ ਦੀ ਕਾਰਵਾਈ ਜਾਰੀ ਰੱਖਣਾ

*§4005(a)(10)(I)(iv)(VIII)(ia), §4005(a)(10)(I)(iv)(VIII)(ib)*

ਵੋਟ ਕੇਂਦਰ ਦੇ ਕਰਮਚਾਰਿਆਂ, ਅਤੇ ਤਕਨੀਕੀ ਅਤੇ ਅਨੁਸਰਨ ਸਹਯੋਗ ਪ੍ਰਦਾਨ ਕਰਨ ਵਾਲਿਆਂ ਦੇ ਸਮੇਤ, ਸਾਰਾ ਸਟਾਫ ਵੋਟਿੰਗ ਉਪਕਰਨਾਂ ਨੂੰ ਚਲਾਉਣ ਦੀ, ਵੋਟ ਕੇਂਦਰ ਨੂੰ ਤਿਆਰ ਕਰਨਾ, ਵੋਟਰਾਂ ਦੀ ਸਹਾਇਤਾ ਅਤੇ ਉਹਨਾਂ ਦੀ ਕਾਰਵਾਈ ਕਰਨਾ, ਹਰ ਰਾਤ ਨਾਜ਼ੁਕ ਉਪਰਰਨਾਂ ਨੂੰ ਸੰਭਾਲਣਾ, ਅਤੇ ਐਮਰਜੈਂਸੀ ਵਿੱਚ ਸਹੀ ਪ੍ਰਕ੍ਰਿਆਵਾਂ ਕਰਨ ਦੀ ਵਿਸਤ੍ਰਿਤ ਟ੍ਰੇਨਿੰਗ ਕਰਨ ਲਈ ਹਾਜ਼ਿਰ ਹੋਣਗੇ।

ਕੈਲੀਫੋਰਨੀਆ ਵੋਟਿੰਗ ਸਿਸਟਮ ਦੀਆਂ ਜ਼ਰੂਰਤਾਂ ਦੇ ਤਹਿਤ, ਸਾਰੇ ਪ੍ਰਮਾਣਿਤ ਸਾਜ਼ੋ-ਸਾਮਾਨ ਪਾਵਰ ਆਊਟੇਜ ਦੀ ਸਥਿਤੀ ਵਿੱਚ ਬੈਟਰੀ ਪਾਵਰ ਤੇ ਚੱਲਣਾ ਚਾਹੀਦਾ ਹੈ। ਸਾਰੇ ਸਥਾਨਾਂ ਤੇ ਇੱਕ ਸੈਲ ਫੋਨ ਹੋਵੇਗਾ। ਕਾਉਂਟੀ ਸ਼ੇਰਿਫ ਅਤੇ ਸਥਾਨਕ ਪੁਲਿਸ ਦੇ ਅਧਿਕਾਰ ਖੇਤਰਾਂ ਨੂੰ ਸਾਰੇ ਵੋਟ ਕੇਂਦਰ ਸਥਾਨਾਂ ਦੀ ਸੂਚੀ ਪ੍ਰਾਪਤ ਹੋਵੇਗੀ। ਹਰ ਵੋਟ ਕੇਂਦਰ ਨੂੰ ਸੰਕਟਕਾਲੀਨ ਪ੍ਰਕਿਰਿਆਵਾਂ ਲਈ ਇੱਕ ਬਾਈਂਡਰ ਮੁਹੱਈਆ ਕਰਵਾਇਆ ਜਾਵੇਗਾ ਅਤੇ ਕਿਸੇ ਵੋਟ ਕੇਂਦਰ ਦੇ ਸੰਚਾਲਨ ਅਤੇ ਸੰਕਟਕਾਲੀਨ ਸਥਿਤੀ ਦੇ ਦੌਰਾਨ ਵੋਟਰਾਂ ਦੀ ਪ੍ਰਕਿਰਿਆ ਲਈ ਇੱਕ ਹਦਾਇਤ ਕਿਤਾਬਚਾ ਪ੍ਰਦਾਨ ਕੀਤਾ ਜਾਵੇਗਾ।

MCROV ਇਕ ਪੋਲਿੰਗ ਸਾਈਟ 'ਤੇ ਵਿਘਨ ਨੂੰ ਹੱਲ ਕਰਨ ਲਈ ਤੁਰੰਤ ਕੰਮ ਕਰੇਗਾ ਅਤੇ ਹਰ ਰੁਕਾਵਟ ਦਾ ਆਪਣਾ ਇਕ ਜਵਾਬ ਹੋਵੇਗਾ। ਆਮ ਤੌਰ 'ਤੇ ਜੇ ਇਕ ਵੋਟ ਕੇਂਦਰ ਵਿਚ ਰੁਕਾਵਟ ਪਾਈ ਜਾਂਦੀ ਹੈ ਤਾਂ MCROV ਦੇ ਕਰਮਚਾਰੀਆਂ ਦੁਆਰਾ ਵੋਟਰਾਂ ਨੂੰ ਤੁਰੰਤ ਹੋਰ ਵੋਟ ਕੇਂਦਰਾਂ ਵਿਚ ਦਿਸ਼ਾ-ਨਿਰਦੇਸ਼ਤ ਕਰ ਦਿੱਤਾ ਜਾਵੇਗਾ ਅਤੇ ਸਥਾਨਕ ਪੁਲਿਸ, ਸੂਬੇ ਦੇ ਸਕੱਤਰ ਦੇ ਦਫ਼ਤਰ ਨੂੰ ਸੂਚਿਤ ਕਰੇਗਾ ਅਤੇ ਮੀਡੀਆ ਨੂੰ ਜਾਣਕਾਰੀ ਪ੍ਰਦਾਨ ਕਰੇਗਾ ਤਾਂ ਕਿ ਵੋਟਰਾਂ ਨੂੰ ਸੂਚਿਤ ਕੀਤਾ ਜਾ ਸਕੇ। ਜੇ ਕੋਈ ਕੁਦਰਤੀ ਆਫ਼ਤ ਜਾਂ ਕੋਈ ਹੋਰ ਅਸ਼ਾਂਤੀ ਵਾਪਰਨ ਦੇ ਨਾਲ ਕਿਸ ਵੋਟ ਕੇਂਦਰ ਜਾਂ ਬੈਲਟ-ਡਰਾਪ-ਆਫ ਸਾਇਟ ਦੇ ਮੌਜੂਦਾ ਸਥਾਨ ਨੂੰ ਕੋਈ ਨੁਕਸਾਨ ਹੁੰਦਾ ਹੈ ਤਾਂ ਅਤਿਰਿਕਤ ਸੂਚਨਾਵਾਂ, ਸੰਕੇਤ ਅਤੇ ਸਟਾਫ ਦੇ ਰਾਹੀਂ ਉਸ ਸਥਾਨ ਦੇ ਵਾਰੇ ਸੂਚਿਤ ਕਰਨ ਲਈ ਉਪਲਬਧ ਕਰਾਇਆ ਜਾਵੇਗਾ। ਇਕ ਵੋਟ ਕੇਂਦਰ ਵਿਚ ਸਾਰੀਆਂ ਗਤੀਵਿਧੀਆਂ ਬੰਦ ਹੋ ਜਾਈਆਂ ਚਾਹੀਦੀਆਂ ਹਨ, ਤਾ ਜੋਂ ਸਟਾਫ ਕੈਲੀਫੋਰਨੀਆ ਚੋਣ ਕੋਡ ਅਤੇ ਬੈਲਟ ਮੈਨੂਫੈਕਚਰਿੰਗ ਅਤੇ ਫਿਨਿਸ਼ਿੰਗ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਾਰੇ ਵੋਟਿੰਗ ਸਮੱਗਰੀ ਲਈ ਵੋਟ ਕੇਂਦਰ ਦੇ ਵੋਟਿੰਗ ਸਾਜ਼ੋ-ਸਾਮਾਨ ਅਤੇ ਖਾਤੇ ਨੂੰ ਤੁਰੰਤ ਸੁਰੱਖਿਅਤ ਕਰੇਗਾ। MCROV ਰਿਪਲੇਸਮੇਂਟ ਵੋਟ ਕੇਂਦਰ ਨੂੰ ਸ਼ੁਰੀ ਕਰਨ ਦੀ ਕੋਸ਼ਿਸ਼ ਕਰੇਗਾ ਅਤੇ ਬਦਲਾਵ ਬਾਰੇ ਜਨਤਾ ਨੂੰ ਵਿਆਪਕ ਜਾਣਕਾਰੀ ਪ੍ਰਦਾਨ ਕਰੇਗਾ।

## 2-D *ਵੋਟ ਕੇਂਦਰ: ਸਥਾਪਿਤ ਕਰਨ ਲਈ ਗਿਣਤੀਆਂ, ਸਥਾਨ, ਅਤੇ ਪ੍ਰਕਾਸ਼ਨ ਦੇ ਸਮੇਂ ਉਪਲਬਧ ਖੇਤਰ ਦੇ ਸੰਚਾਲਨ ਦਾ ਸਮਾਂ*

*§4005(a) (10) (I)(vi)*

### *ਸਥਾਪਤ ਹੋਣ ਵਾਲੇ ਕੁਲ ਵੋਟ ਕੇਂਦਰਾਂ ਦੀ ਗਿਣਤੀ*

*§4005(a) (10) (I)(vi)(I)*

54,398 ਰਜਿਸਟਰਡ ਵੋਟਰਾਂ ਦੇ ਆਧਾਰ 'ਤੇ MCROV ਘੱਟੋ-ਘੱਟ 2 ਵੋਟ ਕੇਂਦਰ ਸਥਾਪਤ ਕਰੇਗਾ ਅਤੇ ਚੋਣਾਂ ਦੇ ਦਿਨ ਤੋਂ ਪਹਿਲਾਂ ਦਸ ਦਿਨ ਲਈ ਖੁੱਲ੍ਹਾ ਹੋਵੇਗਾ ਅਤੇ ਅਤਿਰਿਕਤ 4 ਵੋਟ ਕੇਂਦਰ 3 ਦਿਨ ਪਹਿਲਾਂ ਅਤੇ ਚੋਣ ਦਿਨ ਲਈ ਖੁੱਲਣਗੇ।

### *ਹਰੇਕ ਵੋਟ ਕੇਂਦਰ ਦਾ ਸਥਾਨ ਅਤੇ ਕੰਮ ਕਰਨ ਦਾ ਸਮਾਂ*

*§4005(a)(10)(I)(vi)(*III*), §4005(a)(10)(I)(vi)(VI)*

2010 ਦੇ ਦਸ ਸਾਲਾ ਜਨਗਣਨਾ, ਅਮਰੀਕੀ ਕਮਿਊਨਿਟੀ ਸਰਵੇਅ ਅਤੇ ਮੌਜੂਦਾ MCROV ਰਜਿਸਟ੍ਰੇਸ਼ਨ ਫਾਈਲ ਤੋਂ ਇਕੱਤਰ ਕੀਤੇ ਗਏ ਡੈਟਾ ਦੀ ਵਰਤੋਂ ਕਰਦੇ ਹੋਏ MCROV ਵੋਟ ਕੇਂਦਰ ਅਤੇ ਡਰਾਪ ਬਾਕਸ ਸਥਿਤੀਆਂ ਦੀ ਪਹਿਚਾਣ ਕਰਨ ਲਈ ਪੂਰੇ ਭਾਈਚਾਰੇ ਵਿੱਚ ਕੰਮ ਕਰ ਰਿਹਾ ਹੈ ਜੋ ਸੈਕਸ਼ਨ 4005(a) (10) (B) ਵਿੱਚ ਸੂਚੀਬੱਧ ਮਾਪਦੰਡਾਂ ਨੂੰ ਪੂਰਾ ਕਰਦੇ ਹਨ।

ਸਥਾਨਾਂ ਦੀ ਸਥਾਪਨਾ ਦੀ ਪ੍ਰਕਿਰਿਆ ਇਸ ਯੋਜਨਾ ਦੇ ਪ੍ਰਕਾਸ਼ਨ ਦੇ ਸਮੇਂ ਜਾਰੀ ਹੈ। MCROV ਦਾ ਉਦੇਸ਼ ਪ੍ਰਸਿੱਧ, ਪੂਰੀ ਤਰ੍ਹਾਂ ਅਸੈਸਿਬਲ ਸਹੂਲਤਾਂ ਲਈ ਵੋਟ ਕੇਂਦਰ ਸਥਾਪਤ ਕਰਨਾ ਹੈ। ਸਾਰੇ ਵੋਟ ਕੇਂਦਰ ਘੱਟੋ ਘੱਟ 8 ਘੰਟੇ ਪ੍ਰਤੀ ਦਿਨ ਅਤੇ ਚੋਣ ਦੇ ਦਿਨ ਸਵੇਰੇ 7 ਵਜੇ ਤੋਂ ਰਾਤ 8 ਵਜੇ ਤੱਕ ਖੁੱਲ੍ਹੇ ਰਹਿਣਗੇ। ਮੌਜੂਦਾ ਉਪਲਬਧ ਜਾਣਕਾਰੀ ਦੇ ਆਧਾਰ ਤੇ ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ ਵੋਟ ਕੇਂਦਰਾਂ ਨੂੰ ਹੇਠਲੇ ਖੇਤਰਾਂ ਵਿੱਚ ਰੱਖਿਆ ਜਾਵੇਗਾ: ਮਡੇਰਾ ਦੇ ਸ਼ਹਿਰ (2), ਚੌਚੀਲਾ ਦੇ ਸ਼ਹਿਰ, ਓਕਹਰਸਟ, ਕੋਅਰਸੇਗੋਲਡ ਅਤੇ ਮਾਡੇਰਾ ਰੈਂਚੋਸ ਖੇਤਰ। ਹਰੇਕ ਵੋਟ ਕੇਂਦਰ ਦੇ ਸਥਾਨ ਅਤੇ ਕੰਮ ਦੇ ਸਮੇਂ ਨੂੰ ਅੰਤਿਕਾ 'A' ਵਿਚ ਸੂਚੀਬੱਧ ਕੀਤਾ ਜਾਵੇਗਾ, ਜਿਸ ਨੂੰ ਹਰ ਚੋਣ ਲਈ ਟਿਕਾਣੇ ਦੀ ਪੁਸ਼ਟੀ ਕਰਨ ਲਈ ਅਪਡੇਟ ਕੀਤਾ ਜਾਵੇਗਾ। ਇਹ ਸੂਚੀ ਹਰ ਰਜਿਸਟਰਡ ਵੋਟਰ ਨੂੰ ਦਿੱਤੇ ਚੋਣ ਸਮੱਗਰੀ ਵਿਚ ਸ਼ਾਮਲ ਕੀਤੀ ਜਾਵੇਗੀ।

ਵੋਟ ਕੇਂਦਰ ਦੇ ਸਥਾਨਾਂ ਅਤੇ ਕੰਮ ਦੇ ਸਮੇਂ ਬਾਰੇ ਸਭ ਤੋਂ ਤਾਜ਼ਾ ਜਾਣਕਾਰੀ ਅੰਤਿਕਾ A ਵਿਚ ਦੇਖੀ ਜਾ ਸਕਦੀ ਹੈ।

2-E ***ਵੋਟ ਕੇਂਦਰਾਂ ਤੇ ਕਰਮਚਾਰੀਆਂ ਦੀ ਤੈਨਾਤੀ:***

*§4005(a)(10)(I)(vi)(IX)*

MCROV ਹਰੇਕ ਵੋਟ ਕੇਂਦਰ ਤੇ ਘੱਟੋ-ਘੱਟ ਪੰਜ ਕਰਮਚਾਰੀਆਂ ਦੀ ਉਮੀਦ ਕਰਦਾ ਹੈ।

2-F ਅਪਾਹਜਤਾ ਵਾਲੇ ਵੋਟਰਾਂ ਲਈ ਸੇਵਾਵਾਂ

*§4005(a)(10)(I)(vi)(X)*

ਹਰੇਕ ਵੋਟ ਕੇਂਦਰ ਵਿੱਚ ਘੱਟੋ ਘੱਟ 3 ਪੂਰੀ ਤਰਾਂ ਨਾਲ ਪਹੁੰਚਯੋਗ ਟੱਚ ਸਕਰੀਨ ਵੋਟਿੰਗ ਉਪਕਰਣ ਹੋਣਗੇ। ਕੈਲੀਫੋਰਨੀਆ ਦੀਆਂ ਚੋਣਾਂ ਵਿੱਚ ਵਰਤੋਂ ਲਈ ਇਨ੍ਹਾਂ ਡਿਵਾਈਸਾਂ ਨੂੰ ਰਾਜ ਦੇ ਸੈਕਟਰੀ ਦੁਆਰਾ ਤਸਦੀਕ ਕੀਤਾ ਗਿਆ ਹੈ ਅਤੇ ਹਰੇਕ ਵੋਟਰ ਨੂੰ ਆਪਣੀ ਬੈਲਟ ਨੂੰ ਸੁਤੰਤਰਤਾ ਨਾਲ ਅਤੇ ਨਿਜੀ ਤੌਰ 'ਤੇ ਨਿਸ਼ਾਨ ਲਾਉਣ ਦੀ ਆਗਿਆ ਹੈ। ਇਸ ਤੋਂ ਇਲਾਵਾ, ਵੋਟ ਕੇਂਦਰ ਦੇ ਸਟਾਫ ਨੂੰ ਉਪਕਰਣਾਂ ਦੀ ਸਥਾਪਨਾ ਕਰਨ, ਅਪਾਹਜ ਵੋਟਰਾਂ ਸਮੇਤ ਉਪਕਰਣਾਂ ਵਾਲੇ ਵੋਟਰਾਂ ਦੀ ਸਹਾਇਤਾ ਕਰਨ, ਤੇ ਸਿਖਲਾਈ ਮਿਲੇਗੀ, ਉਪਕਰਨਾਂ ਦੇ ਨਾਲ ਸਮੱਸਿਆਵਾਂ ਤੋਂ ਨਿਪਟਣ ਅਤੇ ਉਪਕਰਨਾਂ ਦੇ ਸਹੀ ਸਟੋਰੇਜ ਦੀ ਸਿਖਲਾਈ ਮਿਲੇਗੀ।

ਇਸ ਦੇ ਨਾਲ, MCROV ਟ੍ਰੇਨਰ ਨੂੰ ਸਿਖਲਾਈ ਦੇਣ ਦੇ ਦ੍ਰਿਸ਼ਟੀਕੋਣ ਦੀ ਵਰਤੋਂ ਕਰਕੇ, ਵਿਸ਼ੇਸ਼ ਸਿਖਲਾਈ ਦਵੇਗਾ, ਵਿਸ਼ੇਸ਼ ਤੌਰ 'ਤੇ ਅਪਾਹਜ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਲਈ। MCROV ਕਿਸੇ ਅਜਿਹੇ ਸੰਗਠਨ ਦਾ ਉਪਯੋਗ ਕਰਨ ਦੀ ਯੋਜਨਾ ਬਣਾਉਂਦਾ ਹੈ ਜੋ ਅਪਾਹਜ ਵਾਲੇ ਲੋਕਾਂ ਦੀ ਤਰਫੋਂ ਜਾਂ ਉਨ੍ਹਾਂ ਨੂੰ ਵਿਸ਼ੇਸ਼ ਸਿਖਲਾਈ ਦੇਣ ਲਈ ਉਨ੍ਹਾਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ।

2-G ਵੋਟ ਕੇਂਦਰਾਂ ਦਾ ਡਿਜ਼ਾਇਨ ਅਤੇ ਲੇਆਉਟ

*§4005(a)(10)(I)(vi)(XI)*

ਲੇਆਉਟ ਦਿਸ਼ਾ ਨਿਰਦੇਸ਼ਾਂ ਦੀ ਵਰਤੋਂ ਇਸ ਲਈ ਕੀਤੀ ਜਾਏਗੀ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਵੋਟਿੰਗ ਬੂਥ ਅਤੇ ਪਹੁੰਚਯੋਗ ਬੈਲਟ ਮਾਰਕਿੰਗ ਉਪਕਰਨ ਇਸ ਤਰੀਕ ਨਾਲ ਰੱਖੇ ਗਏ ਹਨ ਕਿ ਵੋਟਰ ਆਪਣੀ ਬੈਲਟ ਨੂੰ ਆਜ਼ਾਦ ਅਤੇ ਨਿੱਜੀ ਤੌਰ 'ਤੇ ਨਿਸ਼ਾਨ ਲਾ ਸਕੇ। ਲੇਆਉਟ ਵੋਟਰਾਂ ਦੀਆਂ ਪਹੁੰਚ ਦੀਆਂ ਜ਼ਰੂਰਤਾਂ ਪ੍ਰਤੀ ਸੰਵੇਦਨਸ਼ੀਲ ਹੋਣਗੇ, ਅਤੇ ਹਰੇਕ ਸਥਾਨ ਦੇ ਵੱਖੋ-ਵੱਖ ਆਕਾਰ ਅਤੇ ਕਮਰੇ ਦੇ ਆਕਾਰ ਦੇ ਅਨੁਸਾਰ ਸਮਾਯੋਜਿਤ ਕੀਤੇ ਜਾਣਗੇ। ਨਮੂਨਾ ਲੇਆਉਟ ਲਈ ਅੰਤਿਕਾ B ਵੇਖੋ।

<u>ਬੈਲਟ ਡ੍ਰੌਪ ਬੌਕਸ ਲਈ ਜਰੂਰੀ</u>

2-H ***ਬੈਲਟ ਡ੍ਰੌਪ ਬਾਕਸ: ਨੰਬਰ ਦੀ ਸਥਾਪਨਾ, ਸਥਾਨ, ਅਤੇ ਪ੍ਰਕਾਸ਼ਨ ਦੇ ਸਮੇਂ ਵੱਧ ਤੋਂ ਵੱਧ ਉਪਲਬਧ ਸੰਚਾਲਨ ਦੇ ਘੰਟੇ***
*§4005(a)(10)(I)(vi)*

ਸਥਾਪਿਤ ਹੋਣ ਵਾਲੇ ਡਰਾਪ ਬਾਕਸਾਂ ਦੀ ਕੁਲ ਗਿਣਤੀ
*§4005(a)(10)(I)(vi)(II)*

54,398 ਰਜਿਸਟਰਡ ਵੋਟਰਾਂ ਦੇ ਆਧਾਰ 'ਤੇ MCROV ਘੱਟੋ-ਘੱਟ 4 ਬੈਲਟ ਡ੍ਰੌਪ ਬਾਕਸ ਸਥਾਨ ਸਥਾਪਤ ਕਰਨ ਦੀ ਯੋਜਨਾ ਬਣਾ ਰਿਹਾ ਹੈ, ਜੋ ਕਿ ਚੋਣਾਂ ਦੇ ਦਿਨ ਤੋਂ 28 ਦਿਨ ਪਹਿਲਾਂ ਅਤੇ ਚੋਣਾਂ ਦੇ ਦਿਨ ਖੁੱਲ੍ਹਿਆ ਹੈ।

ਹਰੇਕ ਬੈਲਟ ਡ੍ਰੌਪ ਬਾਕਸ ਦਾ ਸਥਾਨ ਅਤੇ ਸੰਚਾਲਨ ਦੇ ਘੰਟੇ
*§4005(a)(10)(I)(vi)(IV), §4005(a)(10)(I)(vi)(VII)*

MCROV ਦਾ ਉਦੇਸ਼ ਪ੍ਰਸਿੱਧ, ਪੂਰੀ ਤਰ੍ਹਾਂ ਪਹੁੰਚਯੋਗ ਸੁਵਿਧਾਵਾਂ ਵਿਚ ਡ੍ਰੌਪ ਬਾਕਸ ਸਥਾਪਤ ਕਰਨ ਲਈ ਭਾਈਚਾਰੇ ਨਾਲ ਭਾਈਵਾਲੀ ਕਰਨਾ ਹੈ। ਡ੍ਰੌਪ ਬਾਕਸ ਸਥਾਪਤ ਕਰਨ ਦੀ ਪ੍ਰਕਿਰਿਆ ਇਸ ਯੋਜਨਾ ਦੇ ਪ੍ਰਕਾਸ਼ਨ ਦੇ ਸਮੇਂ ਜਾਰੀ ਹੈ। ਡ੍ਰੌਪ ਬਾਕਸਾਂ ਅਤੇ ਉਨ੍ਹਾਂ ਦੇ ਕੰਮ ਦੇ ਘੰਟੇ ਦੀ ਸੂਚੀ ਅੰਤਿਕਾ C ਵਿਚ ਪ੍ਰਦਰਸ਼ਤ ਕੀਤੀ ਜਾਵੇਗੀ, ਜਿਸ ਨੂੰ ਡ੍ਰੌਪ ਬਾਕਸ ਟਿਕਾਣੇ ਸਥਾਪਿਤ ਕੀਤੇ ਜਾਣ ਤੇ ਅਪਡੇਟ ਕੀਤਾ ਜਾਵੇਗਾ। ਇਹ ਸੂਚੀ ਹਰੇਕ ਵੋਟਰ ਨੂੰ ਦਿੱਤੀ ਚੋਣ ਸਮੱਗਰੀ ਵਿਚ ਸ਼ਾਮਲ ਕੀਤੀ ਜਾਵੇਗੀ।

ਵੋਟਰ ਦਫਤਰ ਦੇ ਰਜਿਸਟਰਾਰ ਕੋਲ ਇਕ ਬਾਹਰੀ ਡ੍ਰੌਪ ਬਾਕਸ ਹੈ ਜੋ ਹਰ ਰੋਜ਼ 24 ਘੰਟੇ ਉਪਲਬਧ ਹੈ। ਬਾਕੀ ਸਾਰੇ ਡ੍ਰੌਪ ਬਾਕਸ ਸਥਾਨ ਦੇ ਅੰਦਰ ਹੋਣਗੇ।

<u>ਵੋਟ ਕੇਂਦਰ ਅਤੇ ਡ੍ਰੌਪ ਬਾਕਸ ਸਥਾਨ ਨਕਸ਼ੇ</u>

2-I **ਸਥਾਨ ਨਕਸ਼ੇ**

*§4005(a)(10)(I)(vi)(V)*

ਵੋਟ ਕੇਂਦਰਾਂ ਅਤੇ ਬੈਲਟ ਡ੍ਰੌਪ ਬਾੱਕਸ ਦੀ ਸਥਿਤੀ ਦਿਖਾਉਣ ਵਾਲੇ ਨਕਸ਼ੇ ਅੰਤਿਕਾ D ਵਿੱਚ ਵਿਖਾਏ ਗਏ ਹਨ। ਇਹ ਨਕਸ਼ੇ ਅੱਪਡੇਟ ਕੀਤੇ ਜਾਣਗੇ ਕਿਉਂਕਿ ਸਥਾਨਾਂ ਦੀ ਪੁਸ਼ਟੀ ਕੀਤੀ ਗਈ ਹੈ।

## ਹੋਰ ਵਿਚਾਰਯੋਗ ਮੁੱਦੇ

### 2-J ਇਸ ਯੋਜਨਾ ਦੀ ਅੰਦਾਜ਼ਨ ਲਾਗਤ ਅਤੇ ਬੱਚਤ

*§4005(a)(10)(I)(v), §4005(g)(2)*

ਵੋਟਰਜ਼ ਚੁਆਇਸ ਐਕਟ ਨੂੰ ਲਾਗੂ ਕਰਨ ਨਾਲ ਸਬੰਧਤ ਅਨੁਮਾਨਤ ਖਰਚੇ ਅਤੇ ਬੱਚਤਾਂ ਨੂੰ ਅੰਤਿਕਾ E ਵਿਚ ਦਿਖਾਇਆ ਗਿਆ ਹੈ। ਭਾਈਚਾਰੇ ਅਤੇ ਵੋਟਰ ਦੀ ਸ਼ਮੂਲੀਅਤ ਲਈ ਮਹੱਤਵਪੂਰਨ ਵਿਸਥਾਰਤ ਲੋੜਾਂ ਦਾ ਪਾਲਣ ਕਰਨ ਲਈ ਲਾਗਤ ਵਿਚ ਵਾਧੇ ਦੀ ਉਮੀਦ ਕਰਦੇ ਹੋਏ, MCROV ਨੂੰ ਉਮੀਦ ਹੈ ਕਿ ਵੋਟਰਜ਼ ਚੁਆਇਸ ਐਕਟ ਦਾ ਪਹਿਲਾ ਅਮਲ ਵੋਟਿੰਗ ਉਪਕਰਨਾਂ ਨੂੰ ਬਦਲਣ ਦੀ ਲੋੜ ਨਾਲ ਸੰਬੰਧਤ ਲਾਗਤ ਬਚਾਏਗਾ।

ਵੋਟਰਜ਼ ਚੁਆਇਸ ਐਕਟ ਦੇ ਤਹਿਤ ਕੀਤੀ ਗਈ ਹਰ ਚੋਣ ਤੋਂ ਬਾਅਦ, MCROV ਇੱਕ ਚੋਣ ਲਾਗਤ ਦੀ ਰਿਪੋਰਟ ਤਿਆਰ ਕਰੇਗੀ, ਜੋ ਕਿ MCROV ਦੀ ਵੈਬਸਾਈਟ ਤੇ ਪਹੁੰਚਯੋਗ ਫਾਰਮੈਟ ਵਿੱਚ ਪੋਸਟ ਕੀਤੀ ਜਾਵੇਗੀ।

### 2-K ਚੋਣ ਸਰਗਰਮੀ ਤੋਂ ਬਾਅਦ

ਉਪ-ਵਿਭਾਜਨ ***(g)*** ਦੁਆਰਾ ਲੋੜੀਂਦਾ, ਵੋਟਰ ਪਹੁੰਚਯੋਗਤਾ ਅਤੇ ਸ਼ਮੂਲੀਅਤ ਵਿੱਚ ਮਹੱਤਵਪੂਰਣ ਅਸਮਰਥਤਾਵਾਂ ਨਾਲ ਨਿਪਟਣਾ

*§4005(a)(10)(I)(iii)*

ਵੋਟਰਜ਼ ਚੁਆਇਸ ਐਕਟ ਦੇ ਤਹਿਤ ਕੀਤੀ ਗਈ ਹਰ ਚੋਣ ਤੋਂ ਬਾਅਦ, MCROV ਵੋਟਰਾਂ ਤੋਂ ਪ੍ਰਾਪਤ ਕੀਤੀਆਂ ਟਿੱਪਣੀਆਂ ਦੀ ਸਮੀਖਿਆ ਕਰੇਗਾ ਅਤੇ ਸੈਕਸ਼ਨ 4005 (ਜੀ) ਦੀ ਪਾਲਣਾ ਵਿੱਚ ਇਕੱਠੇ ਕੀਤੇ ਗਏ ਡੇਟਾ ਤੇ ਭਾਈਚਾਰੇ ਦੇ ਭਾਈਵਾਲਾਂ ਤੋਂ ਨਿਵੇਸ਼ ਦੀ ਮੰਗ ਕਰੇਗਾ। MCROV ਵਸਤੂ ਤੋਂ ਵਸਤੂ ਦੇ ਅਧਾਰ 'ਤੇ ਪਛਾਣੀਆਂ ਮਹੱਤਵਪੂਰਣ ਅਸਮਾਨਤਾਵਾਂ ਨੂੰ ਦੂਰ ਕਰਨ ਲਈ ਉਚਿਤ ਯਤਨ ਕਰੇਗਾ।

ਵਿਧਾਨ ਸਭਾ ਨੂੰ ਰਿਪੋਰਟ ਦੇ ਨਾਲ *SOS* ਨੂੰ ਸਹਾਇਤਾ
*§4005(g)(1)(A)*

ਨੂੰ ਚੋਣ ਅੰਕੜੇ ਮੁਹੱਈਆ ਕਰੋ
MCROV ਸੈਕਸ਼ਨ 4005 (ਜੀ) ਵਿਚ ਸੂਚੀਬੱਧ ਜਾਣਕਾਰੀ ਸਮੇਤ ਰਾਜ ਦੇ ਸਕੱਤਰ ਨੂੰ ਅੰਕੜਾ ਡੇਟਾ ਪ੍ਰਦਾਨ ਕਰੇਗਾ।

# ਅੰਤਿਕਾ ਦੀ ਸੂਚੀ

ਅੰਤਿਕਾ A - ਵੋਟ ਕੇਂਦਰ ਸਥਾਨ ਅਤੇ ਘੰਟੇ

ਅੰਤਿਕਾ B - ਵੋਟ ਕੇਂਦਰ ਨਮੂਨਾ ਲੇਆਉਟ

ਅੰਤਿਕਾ C - ਡ੍ਰੌਪ ਬਾਕਸ ਟਿਕਾਣੇ ਅਤੇ ਘੰਟੇ

ਅੰਤਿਕਾ D - ਸਥਾਨ ਨਕਸ਼ੇ

ਵੋਟ ਕੇਂਦਰ - 11 ਦਿਨ

ਵੋਟ ਕੇਂਦਰ - 4 ਦਿਨ

ਡ੍ਰੌਪ ਬਾਕਸ

ਅੰਤਿਕਾ E - ਬਜਟ ਸੰਸਾਧਨ ਅਤੇ ਲਾਗਤ ਦੀ ਤੁਲਨਾ

ਅੰਤਿਕਾ F - ਚੋਣ ਪ੍ਰਸ਼ਾਸ਼ਨ ਯੋਜਨਾ ਪਰਿਸ਼ਿਸ਼ਟ

ਅੰਤਿਕਾ G - ਭਾਈਚਾਰੇ ਦੇ ਸਾਥਿਆਂ ਅਤੇ ਨੇੜ੍ਹਲੇ ਸਮਾਗਮਾਂ ਦੀ ਸੂਚੀ

# *ਅੰਤਿਕਾ A*

<u>ਵੋਟ ਕੇਂਦਰ ਸਥਾਨ ਅਤੇ ਕੰਮ ਦੇ ਘੰਟੇ</u>

**1.** ਮੈਡੇਰਾ ਕਾਉਂਟੀ ਸਰਕਾਰੀ ਕੇਂਦਰ - ਲੋਬੀ
**200** ਡਬਲਿਊ. ਚੌਥੀ ਗਲੀ (ਫੋਰਥ ਸਟ੍ਰੀਟ)
ਮੈਡੇਰਾ, ਸੀਏ **93637**

| | | |
|---|---|---|
| ਕੰਮ ਦਾ ਦਿਨ /ਘੰਟੇ: | **10/27/2018 – 11/05/2018** | **8:00** ਪੂ.ਦੁ. **– 5:00** ਬਾ.ਦੁ. |
| | **11/06/2018** (ਚੋਣਾਂ ਦਾ ਦਿਨ) | **7:00** ਪੂ.ਦੁ. **– 8:00** ਬਾ.ਦੁ. |

**2.** ਓਖੁਰਸਟ ਕਮਿਊਨਟੀ ਸੈਂਟਰ -ਪਵੇਲਿਯਨ
39800 ਰੋਡ 425B
ਓਖੁਰਸਟ, ਸੀਏ **93644**

| | | |
|---|---|---|
| ਕੰਮ ਦਾ ਦਿਨ /ਘੰਟੇ: | **10/27/2018 – 11/05/2018** | **8:00** ਪੂ.ਦੁ. **– 5:00** ਬਾ.ਦੁ. |
| | **11/06/2018** (ਚੋਣਾਂ ਦਾ ਦਿਨ) | **7:00** ਪੂ.ਦੁ. **– 8:00** ਬਾ.ਦੁ. |

**3.** ਸਿਟੀ ਆਫ ਚੌਚਿਲਾ ਸਿਵਿਕ ਸੈਂਟਰ - ਕੌਂਸਲ ਚੈਂਬਰਜ਼
**130** ਐਸ. ਦੂਜੀ ਗਲੀ (ਸੈਕਿੰਡ ਸਟ੍ਰੀਟ)
ਚੌਚਿੱਲਾ, ਸੀਏ **93610**

| | | |
|---|---|---|
| ਕੰਮ ਦਾ ਦਿਨ /ਘੰਟੇ**:** | **11/03/2018 – 11/05/2018** | **8:00** ਪੂ.ਦੁ. **– 5:00** ਬਾ.ਦੁ. |
| | **11/06/2018** (ਚੋਣਾਂ ਦਾ ਦਿਨ) | **7:00** ਪੂ.ਦੁ. **– 8:00** ਬਾ.ਦੁ. |

**4.** ਲਿਬਰਟੀ ਹਾਈ ਸਕੂਲ - ਥਿਏਟਰ (ਮੈਡੇਰਾ ਰੈਂਚੋਜ਼)
**12220** ਰੋਡ **36**
ਮੈਡੇਰਾ, ਸੀਏ **93636**

| | | |
|---|---|---|
| ਕੰਮ ਦਾ ਦਿਨ /ਘੰਟੇ**:** | **11/03/2018 – 11/05/2018** | **8:00** ਪੂ.ਦੁ. **– 5:00** ਬਾ.ਦੁ. |
| | **11/06/2018** (ਚੋਣਾਂ ਦਾ ਦਿਨ) | **7:00** ਪੂ.ਦੁ. **– 8:00** ਬਾ.ਦੁ. |

**5.** ਓਕ ਕਰੀਕ ਸੀਨੀਅਰ ਲਿਵਿੰਗ ਕਮਯੂਨਿਟੀ –ਕਲੱਬਹਾਉਸ
**46041** ਰੋਡ **415**
ਕੋਰਸਗੋਲਡ, ਸੀਏ **93614**

| | | |
|---|---|---|
| ਕੰਮ ਦਾ ਦਿਨ /ਘੰਟੇ**:** | **11/03/2018 – 11/05/2018** | **8:00** ਪੂ.ਦੁ. **– 5:00** ਬਾ.ਦੁ. |
| | **11/06/2018** (ਚੋਣਾਂ ਦਾ ਦਿਨ) | **7:00** ਪੂ.ਦੁ. **– 8:00** ਬਾ.ਦੁ. |

**6.** ਜੌਨ ਵੈੱਲਸ ਯੂਥ ਸੈਂਟਰ
**701** ਈ. ਪੰਜਵੀਂ ਗਲੀ (ਫਿਫਥ ਸਟ੍ਰੀਟ)
ਮੈਡੇਰਾ, ਸੀਏ **93638**


| | | |
|---|---|---|
| ਕੰਮ ਦਾ ਦਿਨ /ਘੰਟੇ: | **11/03/2018 – 11/05/2018** | **8:00** ਪੂ.ਦੁ. **– 5:00** ਬਾ.ਦੁ. |
| | **11/06/2018** (ਚੋਣਾਂ ਦਾ ਦਿਨ) | **7:00** ਪੂ.ਦੁ. **– 8:00** ਬਾ.ਦੁ. |

** ਨਵੰਬਰ 2018 ਆਮ ਚੋਣ ਲਈ ਇਹ ਸਥਾਨ ਉਪਲਬਧ ਨਹੀਂ ਹੈ। ਉਸੇ ਭਾਈਚਾਰੇ ਵਿੱਚ ਇਕ ਬਦਲਵੀਂ ਥਾਂ ਨੂੰ ਨਿਰਧਾਰਿਤ ਕੀਤਾ ਜਾਵੇਗਾ ਅਤੇ ਇਸਨੂੰ ਜੂਨ 2018 ਦੀਆਂ ਚੋਣਾਂ ਤੋਂ ਤੁਰੰਤ ਬਾਅਦ ਜਾਰੀ ਕੀਤਾ ਜਾਵੇਗਾ।*

# *ਅੰਤਿਕਾ B*

<u>ਵੋਟ ਕੇਂਦਰ ਦਾ ਨਮੂਨਾ ਖਾਕਾ (ਲੇਆਉਟ)</u>

ਹੇਠਾਂ ਇਕ ਵੋਟ ਕੇਂਦਰ ਖਾਕੇ (ਲੇਆਉਟ) ਦੇ ਕੰਮ ਕਰਨ ਦੇ ਤਰੀਕੇ ਦਾ ਨਮੂਨਾ ਦਿਤਾ ਗਿਆ ਹੈ। ਹਰੇਕ ਵੋਟ ਕੇਂਦਰ ਦਾ ਸੈੱਟਅੱਪ ਇਸ ਤਰੀਕੇ ਨਾਲ ਕੀਤਾ ਜਾਵੇਗਾ, ਜਿਸ ਨਾਲ ਉਸ ਵਿਸ਼ੇਸ਼ ਸਥਾਨ ਤੇ ਉੱਚਤਮ ਪੱਧਰ ਦੀ ਉਪਲੱਬਧਤਾ ਅਤੇ ਕੰਮ ਦੀ ਨਿਪੁੰਨਤਾ ਪ੍ਰਦਾਨ ਕੀਤੀ ਜਾਵੇਗੀ।




| English | Punjabi |
|---|---|
| Sample Voter Center Layout | ਵੋਟ ਕੇਂਦਰ ਦਾ ਨਮੂਨਾ ਖਾਕਾ (ਲੇਆਉਟ) |
| Voter Information | ਵੋਟਰ ਦੀ ਜਾਣਕਾਰੀ |
| Voting booths (Voters using paper ballot) | ਵੋਟਿੰਗ ਬੂਥ (ਵੋਟਰ ਪੇਪਰ ਬੈਲਟ ਦਾ ਇਸਤੇਮਾਲ ਕਰਦੇ ਹੋਏ) |
| ICX | ਆਈ.ਸੀ.ਐਕਸ. |
| ICX | ਆਈ.ਸੀ.ਐਕਸ. |
| ICX | ਆਈ.ਸੀ.ਐਕਸ. |
| Voter check in | ਵੋਟਰ ਦਾ ਅੰਦਰ ਆਉਣਾ |
| Vote Center Ballot Box | ਵੋਟ ਕੇਂਦਰ ਬੈਲਟ ਬਾਕਸ |
| Ballot Issue Clerk | ਬੈਲਟ ਮਾਮਲੇ ਦਾ ਕਲਰਕ |
| Ballot Printer | ਬੈਲਟ ਪ੍ਰਿੰਟਰ |
| CVR Clerk | ਸੀ.ਵੀ.ਆਰ. ਕਲਰਕ |
| Voter Look Up | ਵੋਟਰ ਦਾ ਭਾਲ ਕਰਨਾ (ਵੋਟਰ ਲੁਕ ਅਪ) |
| Voter Look Up | ਵੋਟਰ ਦਾ ਭਾਲ ਕਰਨਾ (ਵੋਟਰ ਲੁਕ ਅਪ) |

| | |
|---|---|
| VBM Ballot Box | ਵੀ.ਬੀ.ਐਮ. ਬੈਲਟ ਬਾਕਸ |

# *ਅੰਤਿਕਾ C*

ਬੈਲਟ ਡ੍ਰੌਪਬਾਕਸ ਸਥਾਨ /ਘੰਟੇ (ਅਗਸਤ **3, 2018 ਦੇ ਅਨੁਸਾਰ)**

1. ਮੈਡੇਰਾ ਕਾਉਂਟੀ ਸਰਕਾਰੀ ਕੇਂਦਰ (ਬਾਹਰੀ)
   **200** ਡਬਲਿਊ. ਚੌਥੀ ਗਲੀ (ਫੋਰਥ ਸਟ੍ਰੀਟ)
   ਮੈਡੇਰਾ, ਸੀਏ **93637**
   ਕੰਮ ਦੇ ਦਿਨ/ਘੰਟੇ: **10/9/2018 – 11/05/2018** **24** ਘੰਟੇ ਪ੍ਰਤੀ ਦਿਨ*
   11/06/2018(ਚੋਣਾਂ ਦਾ ਦਿਨ) 8:**00** ਬਾ.ਦੁ.*ਬੰਦ

2. ਓਖੁਰਸਟ ਗਰੋਸਰੀ ਆਉਟਲੇਟ
   **40301** ਜੰਕਸ਼ਨ ਡਰਾਈਵ
   ਓਖੁਰਸਟ, ਸੀਏ **93644**
   ਕੰਮ ਦਾ ਦਿਨ /ਘੰਟੇ: **10/09/2018 – 11/05/2018** **7:00** ਪੂ.ਦੁ. **– 9:00** ਬਾ.ਦੁ.*
   11/06/2018(ਚੋਣਾਂ ਦਾ ਦਿਨ) ) 7:**00** ਪੂ.ਦੁ. **- 8:00** ਬਾ.ਦੁ.*

3. ਸਿਟੀ ਆਫ ਚੌਚਿੱਲਾ ਸਿਵਿਕ ਸੈਂਟਰ (ਬਾਹਰੀ)
   **130** ਐਸ ਦੂਜੀ ਗਲੀ (ਸੈਕਿੰਡ ਸਟ੍ਰੀਟ)
   ਚੌਚਿੱਲਾ, ਸੀਏ **93610**
   ਕੰਮ ਦਾ ਦਿਨ /ਘੰਟੇ: **10/09/2018 – 11/05/2018** **24** ਘੰਟੇ ਪ੍ਰਤੀ ਦਿਨ *
   **11/06/2018(**ਚੋਣਾਂ ਦਾ ਦਿਨ**) 8:00** ਬਾ.ਦੁ.* ਬੰਦ

4. ਸਟੇਟ ਫੂਡਜ਼ ਮਾਰਕੀਟ - ਮੈਡੇਰਾ ਰੈਂਚੋਸ
   **37405** ਏਵਨਿਊ **12 # 401**
   ਮੈਡੇਰਾ, ਸੀਏ **93636**
   ਕੰਮ ਦੇ ਦਿਨ /ਘੰਟੇ: **10/09/2018 – 11/05/2018** **7:00** ਪੂ.ਦੁ. **– 9:00** ਬਾ.ਦੁ.*
   **11/06/2018(**ਚੋਣਾਂ ਦਾ ਦਿਨ**)** 7:**00** ਪੂ.ਦੁ. **- 8:00** ਬਾ.ਦੁ.*

**5. TBD-** ਨੋਰਥ ਫੋਰਕ, ਸੀਏ


ਕੰਮ ਦੇ ਦਿਨ /ਘੰਟੇ: **10/09/2018 – 11/05/2018** **7:00** ਪੂ.ਦੁ. **– 9:00** ਬਾ.ਦੁ.*****

**11/06/2018(**ਚੋਣਾਂ ਦਾ ਦਿਨ**)** 7:**00** ਪੂ.ਦੁ. **- 8:00** ਬਾ.ਦੁ.*****

# ***ਅੰਤਿਕਾ D***


<u>ਟਿਕਾਣਿਆਂ ਦਾ ਨਕਸ਼ਾ</u>

**<u>11 ਦਿਨ ਵੋਟ ਕੇਂਦਰ</u>**




## **4** ਦਿਨ ਵੋਟ ਕੇਂਦਰ

ਇਸ ਨਕਸ਼ੇ ਵਿਚ 11 ਦਿਨ ਵੋਟ ਕੇਂਦਰ ਵੀ ਸ਼ਾਮਲ ਹਨ



## ਬੈਲਟ ਡ੍ਰੌਪ ਆਫ ਦੇ ਟਿਕਾਣੇ



# *ਅੰਤਿਕਾ E*

<u>ਬਜਟ ਦੇ ਸੰਸਾਧਨ ਅਤੇ ਲਾਗਤ ਦੀ ਤੁਲਨਾ</u>

| ਆਉਟਰੀਚ ਗਤੀਵਿਧੀ | 2014 ਪ੍ਰਾਇਮਰੀ ਚੋਣਾਂ | 2016 ਪ੍ਰਾਇਮਰੀ ਚੋਣਾਂ | 2018 ਪ੍ਰਾਇਮਰੀ ਚੋਣਾਂ (ਅਨੁਮਾਨਤ) |
|---|---|---|---|
| ਅਖਬਾਰ ਪ੍ਰਕਾਸ਼ਨ (ਕਾਨੂੰਨੀ ਨੋਟਿਸ ਅਤੇ ਇਸ਼ਤਿਹਾਰ) | $1,500 | $1,500 | $4,000 |
| ਰੇਡੀਓ PSA (ਸਕ੍ਰਿਪਟ ਬਣਾਉਣਾ, ਇੰਟਰਵਿਊ ਦੀ ਉਪਲਬਧਤਾ, ਅਨੁਵਾਦ ਸੇਵਾਵਾਂ) | $0 | $0 | $3,000 |
| ਟੈਲੀਵੀਜ਼ਨ PSA ((ਸਕ੍ਰਿਪਟ ਬਣਾਉਣਾ, ਇੰਟਰਵਿਊ ਦੀ ਉਪਲਬਧਤਾ, ਅਨੁਵਾਦ ਸੇਵਾਵਾਂ)) | $0 | $0 | $3,000 |
| ਵੋਟਰ ਨਾਲ ਸਿੱਧੇ ਮੇਲ ਨਾਲ ਸੰਪਰਕ (1-ਡੀ ਵਿੱਚ ਦਿੱਤੇ ਅਨੁਸਾਰ ਹਰੇਕ ਰਜਿਸਟਰਡ ਵੋਟਰ ਨੂੰ ਸਿੱਧੀ ਮੇਲ ਭੇਜਨਾ) | $0 | $0 | $50,000 |
| ਜਨਤਕ ਵਰਕਸ਼ਾਪਾਂ / ਮੀਟਿੰਗਾਂ (1-B ਵਿੱਚ ਹਵਾਲਾ ਦਿੱਤੀ ਲੋੜੀਂਦੀਆਂ ਵਰਕਸ਼ਾਪਾਂ, LAAC ਮੀਟਿੰਗਾਂ, VAAC ਮੀਟਿੰਗਾਂ, ਹੋਰ ਪ੍ਰੋਗਰਾਮ) | $0 | $0 | $5,000 |
| ਉਪਕਰਨਾਂ ਦਾ ਡੈਮੋ (1-B ਵਿੱਚ ਹਵਾਲਾ ਦਿੱਤੀ ਲੋੜੀਂਦੀਆਂ ਵਰਕਸ਼ਾਪਾਂ, LAAC ਮੀਟਿੰਗਾਂ, VAAC ਮੀਟਿੰਗਾਂ, ਹੋਰ ਪ੍ਰੋਗਰਾਮਾਂ ਤੇ ਵੋਟਿੰਗ ਉਪਕਰਨਾਂ ਦਾ ਡੈਮੋ ਦੇਣਾ) | $0 | $0 | $3,000 |
| | | | |

# ਰੀਬੇਕਾ ਮਾਰਟੀਨਜ਼

## ਕਾਉਂਟੀ ਕਲਰਕ - ਵੋਟਰਾਂ ਦਾ ਰਿਕਾਰਡਰ ਅਤੇ ਰਜਿਸਟਰਾਰ

200 ਪੱਛਮੀ ਫੋਰਥ ਸਟਰੀਟ, ਮੈਡੇਰਾ ਸੀਏ 93637 ◆ਟੋਲ ਫ੍ਰੀ 1-800-435-0509; ਫੈਕਸ (559) 675-7870

---

ਮਾਰਚ 7, 2018

ਰਾਜ ਸਕੱਤਰ
ਅਟਾਰਨੀ: ਜੇਮਸ ਸ਼ਵੈਬ (James Schawb)
1500 11ਵੀਂ ਸਟ੍ਰੀਟ
ਸੈਕਰਾਮੈਂਟੋ, ਸੀਏ 95814

***ਜਵਾਬ: ਅਪਣਾਈ ਗਈ ਚੋਣ ਪ੍ਰਸ਼ਾਸ਼ਨ ਯੋਜਨਾ ਪਰਿਸ਼ਿਸ਼ਟ***

ਸਤਿਕਾਰਯੋਗ ਸ੍ਰੀ ਸ਼ਵੈਬ (Schawb):

ਜਿਵੇਂ ਕਿ ਤੁਸੀਂ ਜਾਣਦੇ ਹੋ, ਤੁਹਾਡੇ ਦਫਤਰ ਨੇ ਜਨਤਕ ਮਸ਼ਵਰੇ ਦੀਆਂ ਬੈਠਕਾਂ ਤੋਂ ਬਾਅਦ ਅਤੇ ਡਰਾਫਟ ਚੋਣ ਪ੍ਰਸ਼ਾਸ਼ਨ ਯੋਜਨਾ ਜਾਰੀ ਕਰਨ ਦੇ ਲਗਭਗ ਉਸੇ ਸਮੇਂ ਚੋਣ ਕੋਡ §14201 ਦੇ ਅਨੁਸਾਰ ਜਰੂਰੀ ਚੀਜਾਂ ਨੂੰ ਨਵੀਂ ਭਾਸ਼ਾ ਵਿੱਚ ਜਾਰੀ ਕੀਤਾ ਗਿਆ ਹੈ। ਇਸੇ ਤਰ੍ਹਾਂ, ਸਾਡੇ ਡਰਾਫਟ EAP ਦਾ ਨਵੀਂ ਲੋੜੀਂਦੀ ਭਾਸ਼ਾ, ਪੰਜਾਬੀ ਵਿੱਚ ਅਨੁਵਾਦ ਨਹੀਂ ਕੀਤਾ ਗਿਆ ਸੀ। ਉਸ ਸਮੇਂ ਮੇਰੇ ਦਫਤਰ ਵਿੱਚ ਇਹ ਜਾਣਕਾਰੀ ਨਹੀਂ ਦਿੱਤੀ ਗਈ ਸੀ ਅਤੇ ਇਹ ਵੀ ਨਹੀਂ ਪਤਾ ਸੀ ਕਿ ਹਾਲ ਹੀ ਵਿੱਚ ਪ੍ਰਗਤੀ ਦੇ ਦੌਰਾਨ, ਨਵੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ EAP ਪ੍ਰਕਿਰਿਆ ਨੂੰ ਬਦਲਣ ਦੀ ਜ਼ਰੂਰਤ ਹੈ।

ਵੱਧ ਤੋਂ ਵੱਧ ਥਾਵਾਂ ਤਕ ਵੋਟਿੰਗ ਅਤੇ ਚੋਣ ਪ੍ਰਕਿਰਿਆਵਾਂ ਦੀ ਪਹੁੰਚ ਨੂੰ ਯਕੀਨੀ ਬਣਾਉਣ ਲਈ, ਮੈਂ ਹੇਠ ਲਿਖੇ ਅਨੁਸਾਰ ਕੰਮ ਕਰਨ ਜਾ ਰਿਹਾ ਹਾਂ:

1. ਅਮਰੀਕੀ ਸਿਵਲ ਲਿਬਰਟੀਜ਼ ਯੂਨੀਅਨ ਦੁਆਰਾ ਸੁਝਾਏ ਗਏ ਅਨੁਸਾਰ, ਇਕ ਵਾਰ ਸਾਨੂੰ ਤੁਹਾਡੇ ਦਫਤਰ ਤੋਂ, ਅਪਣਾਏ ਗਏ EAP ਦੀ ਪ੍ਰਵਾਨਗੀ ਮਿਲ ਜਾਣ ਦੇ ਬਾਅਦ, ਮੇਰਾ ਦਫ਼ਤਰ ਤੁਰੰਤ ਹੀ ਦਸਤਾਵੇਜਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੇਗਾ।

2. ਇੱਕ ਵਾਰ ਜਦੋਂ ਇਹ ਦਸਤਾਵੇਜ ਪੰਜਾਬੀ ਵਿੱਚ ਅਨੁਵਾਦ ਹੋ ਜਾਣਗੇ, ਤਾਂ ਇਹ ਤੁਰੰਤ ਹੀ ਮੈਡੇਰਾ ਕਾਉਂਟੀ ਦੀ ਚੋਣ ਦੀ ਵੈਬਸਾਈਟ ਤੇ ਉਪਲਬਧ ਹੋਣਗੇ।

---

ਕਲਰਕ (559) 675-7721 ਰਿਕਾਰਡਰ (559) 675-7724 ਚੋਣਾਂ (559) 675-7720

www.votemadera.com

# ਅੰਤਿਕਾ F

3. ਮੇਰਾ ਦਫ਼ਤਰ ਪੰਜਾਬੀ ਭਾਸ਼ਾ ਬੋਲਣ ਵਾਲੇ ਭਾਈਚਾਰੇ ਤੋਂ ਫੀਡਬੈਕ ਮੰਗਣ ਲਈ, ਦੋ ਹਫਤਿਆਂ ਦੀ ਅਵਧੀ ਤਕ ਜਨਤਾ ਦੀ ਟਿਪਣਿਆਂ ਅਤੇ ਕਿਸੇ ਵੀ ਸੋਧ ਨੂੰ ਉਚਿਚ ਬਣਾਉਣ ਲਈ ਚੰਗੇ ਜਤਨ ਕਰੇਗਾ।

4. ਪਿਛਲੇ 24 ਘੰਟਿਆਂ ਵਿੱਚ, 2018 ਅਤੇ ਭਵਿਖ ਦੇ ਪੂਰੇ ਚੋਣ ਚੱਕਰ ਵਿੱਚ ਨਿਰੰਤਰ ਹੋਣ ਵਾਲੇ ਇਨਪੁਟ ਨੂੰ ਯਕੀਨੀ ਬਣਾਉਣ ਲਈ ਮੈਂ ਮੈਡੇਰਾ ਕਾਉਂਟੀ ਲੈਂਗੂਏਜ ਐਸੇਸਬਿਲਿਟੀ ਐਡਵਾਈਜ਼ਰੀ ਕਮੇਟੀ ਵਿੱਚ ਇੱਕ ਪੰਜਾਬੀ ਬੋਲਣ ਵਾਲੇ ਕਮਿਊਨਿਟੀ ਮੈਂਬਰ ਨੂੰ ਸ਼ਾਮਲ ਕੀਤਾ ਹੈ ਅਤੇ ਇੱਕ ਹੋਰ ਵਿਅਕਤੀ ਨੂੰ ਸੱਦਾ ਦਿੱਤਾ ਹੈ।

ਅਪਣਾਇਆ ਗਿਆ EAP ਪਰਿਸ਼ਿਸ਼ਟ - ਸ਼ਵੈਬ, ਜੇਮਜ਼ (Schawb, James)
3/7/2018
ਪੰਨਾ 2

ਇਸ ਤੋਂ ਇਲਾਵਾ, ਜਿਵੇਂ ਕਿ ਅਸੀਂ ਰਾਜ ਸੱਕਤਰ ਦੇ ਦਫਤਰ ਦੇ ਧਿਆਨ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ ਹੈ, ਕਿ ਭਾਸ਼ਾਈ ਲੋੜਾਂ ਨੂੰ ਕਾਊਂਟੀ ਚੋਣ ਦਫਤਰਾਂ ਨੂੰ ਵੰਡਿਆ ਗਿਆ ਹੈ, ਮੀਡੀਆ ਅਤੇ ਜਨਤਾ ਨੂੰ ਗਲਤੀ ਨਾਲ ਇਹ ਰਿਪੋਰਟ ਕੀਤੀ ਗਈ ਹੈ ਕਿ ਪੰਜਾਬੀ 26 ਭਾਸ਼ਾ ਖੇਤਰਾਂ ਵਿੱਚ ਪੇਸ਼ ਕੀਤੀ ਜਾਵੇਗੀ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਮੌਜੂਦ ਨਹੀਂ ਹਨ। ਹਾਲਾਂਕਿ, ਮੇਰੇ ਦਫਤਰ ਵਲੋਂ ਦਿੱਤੀ ਗਈ ਜਾਣਕਾਰੀ ਦੀ ਪੜਚੋਲ ਕੀਤੀ ਗਈ ਹੈ ਅਤੇ 13 ਭਾਸ਼ਾ ਖੇਤਰਾਂ ਵਿੱਚ ਪੰਜਾਬੀ ਭਾਸ਼ਾ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ ਜੋ ਆਗਾਮੀ ਚੋਣਾਂ ਵਿੱਚ 9 ਹੋਰ ਖੇਤਰਾਂ ਵਿੱਚ ਮੁਹੱਈਆ ਹੋ ਜਾਵੇਗੀ।

ਜਿਵੇਂ ਕਿ ਤੁਸੀਂ ਅਪਣਾਏ ਗਏ ਚੋਣ ਪ੍ਰਬੰਧਨ ਯੋਜਨਾ ਦਾ ਮੁਲਾਂਕਣ ਕਰਨਾ ਜਾਰੀ ਰੱਖਦੇ ਹੋ, ਤਾਂ ਕਿਰਪਾ ਕਰਕੇ ਇਨ੍ਹਾਂ ਨਵੀ ਬਣਾਈ ਗਈ ਕ੍ਰਿਆਵਾਂ ਨੂੰ ਧਿਆਨ ਵਿੱਚ ਰੱਖੋ।

ਸ਼ੁਭਚਿੰਤਕ,
/ਐਸ/ ਰਿਬੇਕਾ ਮਾਰਟੀਨਜ਼ (Rebecca Martinez)
ਰੇਬੇਟਾ ਮਾਰਟੀਨਜ਼ (Rebecca Martinez)
ਕਾਊਂਟੀ ਕਲਰਕ - ਵੋਟਰਾਂ ਦਾ ਰਿਕਾਰਡਰ ਅਤੇ ਰਜਿਸਟਰਾਰ

# ਅੰਤਿਕਾ G

| ਮਿਤੀ | ਸਮਾਂ | ਸਮਾਗਮ /ਪਾਰਟਨਰ | ਸਮਾਗਮ ਦਾ ਸਥਾਨ |
|---|---|---|---|
| 8/9/17 | 10:00 ਪੂ.ਦੁ. | ਚੋਣ ਪਹੁੰਚਯੋਗਤਾ ਸਲਾਹਕਾਰ ਕਮੇਟੀ (VAAC) | ਕਾਊਂਟੀ ਸਰਕਾਰੀ ਕੇਂਦਰ - ਬੋਰਡ ਚੈਂਬਰਜ਼ |
| 8/9/17 | 11:00 ਪੂ.ਦੁ. | ਭਾਸ਼ਾ ਪਹੁੰਚਣਯੋਗਤਾ ਸਲਾਹਕਾਰ ਕਮੇਟੀ (LAAC) | ਕਾਊਂਟੀ ਸਰਕਾਰੀ ਕੇਂਦਰ - ਬੋਰਡ ਚੈਂਬਰਜ਼ |
| 9/5/17 | 4:00 ਬਾ.ਦੁ. | ਕਮਿਊਨਿਟੀ ਇਲੈਕਸ਼ਨਸ ਵਰਕਿੰਗ ਗਰੁੱਪ (CEW) | ਕਾਊਂਟੀ ਸਰਕਾਰੀ ਕੇਂਦਰ – ਚੌਥੀ ਮੰਜ਼ਿਲ ਕਾਨਫਰੰਸ ਰੂਮ |
| 9/25/17 | 4:00 ਬਾ.ਦੁ. | ਕਮਿਊਨਿਟੀ ਇਲੈਕਸ਼ਨਸ ਵਰਕਿੰਗ ਗਰੁੱਪ (CEW) | ਕਾਊਂਟੀ ਸਰਕਾਰੀ ਕੇਂਦਰ, ਕਮਰਾ 2005 |
| 9/25/17 | 10:00 ਪੂ.ਦੁ. | ਵੋਟਿੰਗ ਸਿਸਟਮ ਪ੍ਰਦਰਸ਼ਨ | ਕਾਊਂਟੀ ਸਰਕਾਰੀ ਕੇਂਦਰ – ਲੌਬੀ |
| 9/26/17 | 9:00 ਪੂ.ਦੁ. | ਵੋਟਿੰਗ ਸਿਸਟਮ ਪ੍ਰਦਰਸ਼ਨ | ਚੌਚਿਲਾ ਸਿਵਿਕ ਸੈਂਟਰ - ਕੌਂਸਿਲ ਚੈਂਬਰਜ਼ |
| 9/26/17 | 2:00 ਬਾ.ਦੁ. | ਵੋਟਿੰਗ ਸਿਸਟਮ ਪ੍ਰਦਰਸ਼ਨ | ਮੈਡੇਰਾ ਰੈਂਚੋਸ ਸੀਨੀਅਰ ਸੈਂਟਰ |
| 9/27/17 | 11:00 ਪੂ.ਦੁ. | ਵੋਟਿੰਗ ਸਿਸਟਮ ਪ੍ਰਦਰਸ਼ਨ | ਓਖੁਰਸਟ ਕਮਿਊਨਿਟੀ ਸੈਂਟਰ |
| 10/7/17 | 9:00 ਪੂ.ਦੁ. | ਓਖੁਰਸਟ ਡੈਮੋਕਰੇਟਿਕ ਕਲੱਬ | ਬੈਸਟ ਵੈਸਟਰਨ |
| 10/17/17 | 6:00 ਬਾ.ਦੁ. | ਮਾਉਂਟੇਨ ਏਰੀਆ ਕੰਜ਼ਰਵੇਟਿਵ ਫੋਰਮ | ਬੈਸਟ ਵੈਸਟਰਨ |
| 11/27/17 | 10:00 ਪੂ.ਦੁ. | ਸਥਾਨਕ ਪ੍ਰੈਸ ਬ੍ਰੀਫਿੰਗ | ਕਾਊਂਟੀ ਸਰਕਾਰੀ ਕੇਂਦਰ |
| 11/27/17 | 2:00 ਬਾ.ਦੁ. | ਮੈਡੇਰਾ ਕਾਊਂਟੀ ਦੇ ਚੁਣੇ ਹੋਏ ਅਧਿਕਾਰੀ | ਕਾਊਂਟੀ ਸਰਕਾਰੀ ਕੇਂਦਰ |
| 12/29/17 | 10:00 ਪੂ.ਦੁ. | ਪਬਲਿਕ ਮੀਟਿੰਗ - EAP ਲਈ ਸਲਾਹ ਮਸ਼ਵਰਾ ਮੀਟਿੰਗ | ਕਾਊਂਟੀ ਸਰਕਾਰੀ ਕੇਂਦਰ - ਬੋਰਡ ਚੈਂਬਰਜ਼ |
| 1/9/18 | 3:30 ਬਾ.ਦੁ. | ਮੈਡੇਰਾ ਕਾਊਂਟੀ ਬੋਰਡ ਆਫ ਐਜੂਕੇਸ਼ਨ | ਮੈਡੇਰਾ ਕਾਊਂਟੀ ਆਫਿਸ ਆਫ ਐਜੂਕੇਸ਼ਨ |
| 1/11/18 | 6:00 ਬਾ.ਦੁ. | ਸੁਪਰਵਾਇਜ਼ਰ ਟੌਮ ਵ੍ਹੀਲਰ ਟਾਉਨਹਾਲ ਮੀਟਿੰਗ | ਓਖੁਰਸਟ ਕਮਿਊਨਿਟੀ ਸੈਂਟਰ |
| 1/12/18 | 11:00 ਪੂ.ਦੁ. | ਵੋਟਰ ਸਿੱਖਿਆ - ਫੁਰਮੈਨ ਵਿਸ਼ੇਸ਼ ਸਿੱਖਿਆ | ਮੈਡੇਰਾ ਕਾਊਂਟੀ ਸੁਪੀਰੀਅਰ ਕੋਰਟਹਾਉਸ |
| 1/16/18 | 11:30 ਪੂ.ਦੁ. | ਮੈਡੇਰਾ ਨੂਨ ਰੋਟਰੀ | ਮੈਡੇਰਾ ਮੁਨਿਸਿਪਲ ਗੌਲਫ ਕੋਰਸ |
| 1/17/18 | 1:30 ਬਾ.ਦੁ. | ਮੈਡੇਰਾ ਕਾਊਂਟੀ ਸੁਪਰਿਨਟੈਨਡੈਂਟ ਗਠਜੋੜ | ਮੈਡੇਰਾ ਕਾਊਂਟੀ ਆਫਿਸ ਆਫ ਐਜੂਕੇਸ਼ਨ |
| 1/24/18 | 6:00 ਬਾ.ਦੁ. | ਭਾਸ਼ਾ ਪਹੁੰਚਣਯੋਗਤਾ ਸਲਾਹਕਾਰ ਕਮੇਟੀ (LAAC) | ਕਾਊਂਟੀ ਸਰਕਾਰੀ ਕੇਂਦਰ, ਕਮਰਾ 2005 |
| 1/30/18 | 3:00 ਬਾ.ਦੁ. | ਜਨਤਕ ਮੀਟਿੰਗ - ਖਰੜਾ EAP | ਕਾਊਂਟੀ ਸਰਕਾਰੀ ਕੇਂਦਰ, ਕਮਰਾ 2005 |
| 1/31/18 | 6:00 ਬਾ.ਦੁ. | ਚੋਣ ਪਹੁੰਚਯੋਗਤਾ ਸਲਾਹਕਾਰ ਕਮੇਟੀ (VAAC) | ਕਾਊਂਟੀ ਸਰਕਾਰੀ ਕੇਂਦਰ, ਕਮਰਾ 2005 |
| 2/13/18 | 6:30 ਬਾ.ਦੁ. | ਮੈਡਰਾ ਯੂਨੀਫਾਈਡ ਸਕੂਲ ਜ਼ਿਲਾ | MUSD ਜ਼ਿਲ੍ਹਾ ਦਫਤਰ, 1903 ਹਾਵਰਡ ਆਰਡੀ, ਮੈਡੇਰਾ |
| 2/15/18 | 6:00 ਬਾ.ਦੁ. | NAACP | ਜ਼ਿਲ੍ਹਾ ਦਫਤਰ, 1903 ਹਾਵਰਡ ਆਰ ਡੀ, ਮੈਡੇਰਾ |
| 2/20/18 | 7:00 ਪੂ.ਦੁ. | ਓਖੁਰਸਟ ਸਨਰਾਈਜ਼ ਰੋਟਰੀ | ਪੋਪਜ਼ ਰੈਸਟੋਰੈਂਟ, ਓਖੁਰਸਟ |
| 2/20/18 | Noon | ਓਖੁਰਸਟ ਕੀਵੈਨਿਸ ਕਲੱਬ | ਏਲ ਸੀਡ ਰੈਸਟੋਰੈਂਟ, ਓਖੁਰਸਟ |

# ਚੋਣ ਪ੍ਰਸ਼ਾਸਨ ਯੋਜਨਾ

| | | | |
|---|---|---|---|
| 2/22/18 | 6:00 ਬਾ.ਦੁ. | ਰੇਮੰਡ ਟਾਊਨਹਾਲ ਮੀਟਿੰਗ (ਸੁਪਰ ਵਹੀਲਰ) | ਰੇਮੰਡ-ਨੋਲਸ ਸਕੂਲ |
| 2/27/18 | 7:00 ਬਾ.ਦੁ. | ਚੋਚਿੱਲਾ ਸ਼ਹਿਰ | ਚੋਚਿੱਲਾ ਸਿਵਿਕ ਸੈਂਟਰ - ਕੌਂਸਿਲ ਚੈਂਬਰਜ਼ |
| 3/7/18 | 6:00 ਬਾ.ਦੁ. | ਮੈਡੇਰਾ ਸ਼ਹਿਰ | ਮੈਡੇਰਾ ਸਿਟੀ ਕੌਂਸਲ |
| 3/13/18 | 11:30 ਪੂ.ਦੁ. | ਮੰਤਰੀਆਂ ਦੀ ਐਸੋਸੀਏਸ਼ਨ | ਰਾਊਂਡ ਟੇਬਲ ਪੀਜ਼ਾ, ਮਾਡਰਰਾ |
| 3/14/18 | Noon | ਓਖੁਰਸਟ ਨੂਨ ਰੋਟਰੀ | ਏਲ ਸੀਡ ਰੈਸਟੋਰੈਂਟ, ਓਖੁਰਸਟ |
| 3/14/18 | 6:15 ਬਾ.ਦੁ. | ਗੋਲਡਨ ਵੈਲੀ ਚੈਂਬਰ ਆਫ ਕਾਮਰਸ | ਗੋਲਡਨ ਵੈਲੀ ਚੈਂਬਰ ਆਫ ਕਾਮਰਸ, ਮੈਡੇਰਾ ਰੈਂਚੋਸ |
| 3/15/18 | 3:00 ਬਾ.ਦੁ. | ਮਾਡਰ ਕਾਊਂਟੀ ਵਿਭਾਗ ਦੇ ਮੁਖੀ | ਮੈਡੇਰਾ ਲਾਇਬ੍ਰੇਰੀ |
| 3/21/18 | 11:30 ਪੂ.ਦੁ. | ਫ੍ਰੈਂਕ ਬਰਗਨ ਸੀਨੀਅਰ ਕਲੱਬ | ਫ੍ਰੈਂਕ ਬਰਗਨ ਸੀਨੀਅਰ ਸੈਂਟਰ |
| 3/22/18 | 6:00 ਬਾ.ਦੁ. | ਚੋਣ ਪਹੁੰਚਯੋਗਤਾ ਸਲਾਹਕਾਰ ਕਮੇਟੀ (VAAC) | ਕਾਊਂਟੀ ਸਰਕਾਰੀ ਕੇਂਦਰ, TBD |
| 3/27/18 | 6:00 ਬਾ.ਦੁ. | ਯੋਸੇਮਾਈਟ ਲੇਕਸ ਪਾਰਕ ਟਾਉਨ ਹਾਲ ਮੀਟਿੰਗ (ਸੁਪਰ ਵਹੀਲਰ) | ਬਲੂ ਹੇਰੋਨ ਰੇਸਟੋਰੈਂਟ |
| 3/29/18 | 6:00 ਬਾ.ਦੁ. | ਭਾਸ਼ਾ ਪਹੁੰਚਣਯੋਗਤਾ ਸਲਾਹਕਾਰ ਕਮੇਟੀ (LAAC) | ਕਾਊਂਟੀ ਸਰਕਾਰੀ ਕੇਂਦਰ, TBD |
| 3/29/18 | 8:30 ਪੂ.ਦੁ. | ਮਾਡਰ ਰੈਂਚੋਸ ਕੌਫੀ ਅਤੇ ਸੰਵਾਦ (ਸੁਪਰ ਫ੍ਰੇਜ਼ੀਅਰ) | ਰੈਂਚੋਸ |
| 4/3/18 | 10:00 ਪੂ.ਦੁ. | ਬੋਰਡ ਆਫ ਸੁਪਰਵਾਈਜ਼ਰ ਮੀਟਿੰਗ | ਓਖੁਰਸਟ ਕਮਿਊਨਿਟੀ ਸੈਂਟਰ |
| 4/12/18 | 6:30 ਬਾ.ਦੁ. | ਰੈਂਚੋਸ ਕੀਵਨਿਜ਼ | ਪੀਜ਼ਾ ਫੈਕਟਰੀ, 37184 ਐਵੇਨਿਊ 12, ਮੈਡੇਰਾ |
| 4/17/18 | 3:00 ਬਾ.ਦੁ. | ਬੋਰਡ ਆਫ ਸੁਪਰਵਾਈਜ਼ਰ ਮੀਟਿੰਗ | ਚੋਚਿੱਲਾ ਸ਼ਹਿਰ, ਕੌਂਸਿਲ ਚੈਂਬਰਜ਼ |
| 4/19/18 | 6:00 ਬਾ.ਦੁ. | ਮੈਡੇਰਾ ਡੈਮੋਕਰੇਟਿਕ ਕਲੱਬ | ਮਾਉਂਟੇਨ ਮਾਈਕਸ ਪੀਜ਼ਾ, ਮੈਡੇਰਾ |
| 5/1/18 | 5:00 ਬਾ.ਦੁ. | ਬੋਰਡ ਆਫ ਸੁਪਰਵਾਈਜ਼ਰ ਮੀਟਿੰਗ | ਲਿਬਰਟੀ ਹਾਈ ਸਕੂਲ, ਥੀਏਟਰ |
| | | | |
| | | | |